Friday, October 31, 2025

# ਪੰਜਾਬੀ ਜਰਨਲ

# PUNJABI JOURNAL

ਕੱਤਕ 10, ਨਾਨਕਸ਼ਾਹੀ ਸੰਮਤ: 557 | Volume: 18, Issue: 44 | Ph: 604-312-5678

www.punjabijournal.ca, Email: punjabijournal@gmail.com



Prabu



www.prabufoods.com

7035 128 St #106, Surrey, BC V3W 4E1


## ਕੈਨੇਡਾ ਵਿਚ ਪੰਜਾਬੀ ਬਿਜਨਸਮੈਨਾਂ 'ਤੇ ਗੋਲੀਆਂ ਚਲਾਉਣ ਵਾਲੇ ਦਬੋਚੇ

### ਸਰੀ ਦੇ 56 ਐਵੀਨਿਊ ਵਿਚ ਵੀ ਚੱਲੀਆਂ ਗੋਲੀਆਂ



**ਸਰੀ** : ਕੈਨੇਡਾ ਵਿਚ ਪੰਜਾਬੀ ਕਾਰੋਬਾਰੀਆਂ ਦੇ ਘਰਾਂ 'ਤੇ ਗੋਲੀਆਂ ਚਲਾਉਣ ਵਾਲੇ 2 ਸ਼ੱਕੀਆਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰਨ ਦਾ ਦਾਅਵਾ ਕੀਤਾ ਹੈ ਜਦਕਿ ਦੂਜੇ ਪਾਸੇ ਭਾਰਤ ਦੀ ਕੌਮੀ ਜਾਂਚ ਏਜੰਸੀ ਨੂੰ ਲੋੜੀਂਦੇ ਕੁਲਬੀਰ ਸਿੱਧੂ ਵੱਲੋਂ ਕਬੱਡੀ ਪ੍ਰਮੋਟਰ ਸੇਵਾ ਸਿੰਘ ਰਾਣਾ ਦੇ ਘਰ 'ਤੇ ਗੋਲੀਆਂ ਚਲਾਉਣ ਦਾ ਦਾਅਵਾ ਸੋਸ਼ਲ ਮੀਡੀਆ ਰਾਹੀਂ ਕੀਤਾ ਗਿਆ ਹੈ।

ਕੁਲਬੀਰ ਸਿੱਧੂ ਦੀ ਪੋਸਟ ਨਾਲ ਇਕ ਵੀਡੀਓ ਵੀ ਸਾਂਝੀ ਕੀਤੀ ਗਈ ਹੈ ਜਿਸ ਵਿਚ ਗੋਲੀਆਂ ਚਲਦੀਆਂ ਦੇਖੀਆਂ ਜਾ ਸਕਦੀਆਂ ਹਨ।

ਪੋਸਟ ਵਿਚ ਕੁਲਬੀਰ ਸਿੱਧੂ ਨੇ ਕਿਹਾ ਹੈ ਕਿ ਸੇਵਾ ਸਿੰਘ ਰਾਣਾ ਨਾਲ ਨਿਜੀ ਦੁਸ਼ਮਣੀ ਦੇ ਚਲਦਿਆਂ ਇਹ ਵਾਰਦਾਤ ਕੀਤੀ ਗਈ ਅਤੇ ਕਪਿਲ ਸ਼ਰਮਾ ਦੇ ਕੈਫ਼ੇ 'ਤੇ 2 ਵਾਰ ਗੋਲੀਆਂ ਉਸ ਨੇ ਚਲਵਾਈਆਂ।

ਅਸੀਂ ਇਸ ਪੋਸਟ ਦੀ ਤਸਦੀਕ ਨਹੀਂ ਕਰਦੇ। ਇਸੇ ਦੌਰਾਨ ਸਰੀ ਪੁਲਿਸ ਨੇ ਦੱਸਿਆ ਕਿ ਦੋ ਸ਼ੱਕੀਆਂ ਦੀ ਗ੍ਰਿਫ਼ਤਾਰੀ ਵੀਰਵਾਰ ਵੱਡੇ ਤੜਕੇ 56 ਐਵੇਨਿਊ ਅਤੇ ਕਿੰਗ ਜਾਰਜ ਬੁਲੇਵਾਰਡ ਇਲਾਕੇ ਵਿਚ ਇਕ ਘਰ 'ਤੇ ਹੋਈ ਗੋਲੀਬਾਰੀ ਦੇ ਸਬੰਧ ਵਿਚ ਕੀਤੀ ਗਈ।

ਗੋਲੀਬਾਰੀ ਦੌਰਾਨ ਘਰ ਵਿਚ ਕਈ ਜਣੇ ਮੌਜੂਦ ਸਨ ਪਰ ਖੁਸ਼ਕਿਸਮਤੀ ਨਾਲ ਕੋਈ ਜ਼ਖਮੀ ਨਹੀਂ ਹੋਇਆ।

ਸਰੀ ਪੁਲਿਸ ਦੇ ਸਾਰਜੈਂਟ ਟਿਗੇ ਪੌਲਕ ਨੇ ਦੱਸਿਆ ਕਿ ਗੋਲੀਬਾਰੀ ਦੀਆਂ ਵਾਰਦਾਤਾਂ ਦੀ ਡੂੰਘਾਈ ਨਾਲ ਪੜਤਾਲ ਕੀਤੇ ਬਗੈਰ ਕਹਿਣਾ ਮੁਸ਼ਕਲ ਹੈ ਕਿ ਇਨ੍ਹਾਂ ਦੇ ਅਸਲ ਜ਼ਿੰਮੇਵਾਰ ਕੌਣ ਹਨ।

ਕਈ ਮਾਮਲਿਆਂ ਵਿਚ ਮਲਟੀਨੈਸ਼ਨਲ ਪੜਤਾਲ ਦੀ ਜ਼ਰੂਰਤ ਪੈ ਸਕਦੀ ਹੈ। ਤਾਜ਼ਾ ਵਾਰਦਾਤ ਤੋਂ ਕੁਝ ਦੇਰ ਬਾਅਦ ਹੀ ਸ਼ੱਕੀ ਅੜਿੱਕੇ ਆ ਗਏ ਜਿਸ ਰਾਹੀਂ ਜਾਂਚਕਰਤਾਵਾਂ ਨੂੰ ਕਾਫ਼ੀ ਮਦਦ ਮਿਲੇਗੀ ਅਤੇ ਭਵਿੱਖ ਵਿਚ ਦੋਸ਼ ਆਇਦ ਕੀਤੇ ਜਾ ਸਕਣਗੇ।

ਇਥੇ ਦਸਣਾ ਬਣਦਾ ਹੈ ਕਿ ਐਤਵਾਰ ਸਵੇਰੇ ਸਰੀ ਦੇ ਇਕ ਘਰ 'ਤੇ ਗੋਲੀਆਂ ਚੱਲਣ ਦੀ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ ਅਤੇ ਇਸ ਹਮਲੇ ਦੀ ਜ਼ਿੰਮੇਵਾਰੀ ਲਾਰੈਂਸ ਬਿਸ਼ਨੋਈ ਗਿਰੋਹ ਲੈ ਰਿਹਾ ਹੈ। ਸਰੀ ਪੁਲਿਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਇਨ੍ਹਾਂ ਵਾਰਦਾਤਾਂ ਬਾਰੇ ਕੋਈ ਜਾਣਕਾਰੀ ਹੋਵੇ ਤਾਂ ਗੈਰ ਐਮਰਜੰਸੀ ਨੰਬਰ 604 599 0502 'ਤੇ ਕਾਲ ਕਰਦਿਆਂ ਫਾਈਲ ਨੰਬਰ 25-95384 ਦਾ ਜ਼ਿਕਰ ਜ਼ਰੂਰ ਕੀਤਾ ਜਾਵੇ।

## ਕੈਨੇਡਾ 'ਚ ਸਿੱਖ ਫੌਜੀਆਂ ਦੇ ਮਾਣ 'ਚ 2 ਨੂੰ ਜਾਰੀ ਕੀਤੀ ਜਾਵੇਗੀ ਡਾਕ ਟਿਕਟ




**ਟੋਰਾਂਟੋ** : ਕੈਨੇਡਾ ਪੋਸਟ ਵੱਲੋਂ ਸਿੱਖ ਫੌਜੀਆਂ ਦੇ ਮਾਣ ਵਿਚ ਇਕ ਯਾਦਗਾਰੀ ਡਾਕ ਟਿਕਟ ਜਾਰੀ ਕਰਨ ਦਾ ਐਲਾਨ ਕੀਤਾ ਗਿਆ ਹੈ। ਸਿੱਖ ਕਮਿਊਨਿਟੀ ਵੱਲੋਂ 2 ਨਵੰਬਰ ਨੂੰ ਕਰਵਾਏ ਜਾ ਰਹੇ ਸਮਾਗਮ ਦੌਰਾਨ ਯਾਦਗਾਰੀ ਡਾਕ ਟਿਕਟ ਦੀ ਪਹਿਲੀ ਝਲਕ ਨਜ਼ਰ ਆਵੇਗੀ ਜੋ ਕੈਨੇਡੀਅਨ ਫੌਜ ਵਿਚ ਸਿੱਖਾਂ ਦੀ 100 ਸਾਲ ਤੋਂ ਵੱਧ ਸਮੇਂ ਦੀ ਸੇਵਾ ਨੂੰ ਦਰਸਾਉਂਦੀ ਹੈ। ਪਹਿਲੀ ਆਲਮੀ ਜੰਗ ਦੌਰਾਨ ਕੈਨੇਡੀਅਨ ਫੌਜ ਵੱਲੋਂ 10 ਸਿੱਖ ਫੌਜੀਆਂ ਨੇ ਦੁਸ਼ਮਣ ਦਾ ਟਾਕਰਾ ਕੀਤਾ ਅਤੇ ਇਹ ਡਾਕ ਟਿਕਟ ਕੈਨੇਡੀਅਨ ਹਥਿਆਰਬੰਦ ਫੌਜਾਂ ਵਿਚ ਇਸ ਵੇਲੇ ਸੇਵਾਵਾਂ ਨਿਭਾਅ ਰਹੇ ਸਿੱਖਾਂ ਨੂੰ ਵੀ ਸਮਰਪਿਤ ਹੋਵੇਗੀ।

ਦੱਸ ਦੇਈਏ ਕਿ ਲਗਾਤਾਰ 18ਵੇਂ ਵਰ੍ਹੇ ਦੌਰਾਨ ਸਿੱਖ ਰਿਮੈਂਬਰੈਂਸ ਡੇਅ ਮਨਾਇਆ ਜਾ ਰਿਹਾ ਹੈ ਜੋ ਪਹਿਲੀ ਆਲਮੀ ਜੰਗ ਦੇ ਨਾਇਕ ਬੁਕਮ ਸਿੰਘ ਦੀ ਸਮਾਧ 'ਤੇ ਸਮਾਗਮ ਦੇ ਰੂਪ ਵਿਚ ਹੁੰਦਾ ਹੈ। ਬੁਕਮ ਸਿੰਘ ਅਤੇ 9 ਹੋਰ ਸਿੱਖ ਫੌਜੀ ਉਨਟਾਰੀਓ ਰੈਜੀਮੈਂਟ ਵਿਚ ਭਰਤੀ ਹੋਏ ਅਤੇ 20ਵੀਂ ਕੈਨੇਡੀਅਨ ਇਨਫੈਂਟਰੀ ਬਟਾਲੀਅਨ ਵੱਲੋਂ ਫਰਾਂਸ ਤੇ ਬੈਲਜੀਅਮ ਵਿਚ ਜੰਗ ਲੜੀ। ਬੁਕਮ ਸਿੰਘ ਨੇ 1919 ਵਿਚ ਕੈਨੇਡੀਅਨ ਮਿਲਟਰੀ ਹਸਪਤਾਲ ਵਿਚ ਆਖਰੀ ਸਾਹ ਲਏ ਅਤੇ ਉਨ੍ਹਾਂ ਨੂੰ ਪੂਰੇ ਫੌਜੀ ਸਨਮਾਨਾਂ ਨਾਲ ਦਫ਼ਨਾਇਆ ਗਿਆ। ਯਾਦਗਾਰੀ ਡਾਕ ਟਿਕਟ ਜਾਰੀ ਕਰਨ ਵਾਲੇ ਸਮਾਗਮ ਵਿਚ ਸਾਬਕਾ ਫੌਜੀਆਂ ਬਾਰੇ ਮੰਤਰੀ ਜਿਲ ਮੈਕਨਾਈਟ ਅਤੇ ਕੈਨੇਡੀਅਨ ਪੁਲਿਸ ਦੇ ਪਹਿਲੇ ਦਸਤਾਰਧਾਰੀ ਅਫ਼ਸਰ ਬਲਤੇਜ ਸਿੰਘ ਢਿੱਲੋਂ ਉਚੇਚੇ ਤੌਰ 'ਤੇ ਸ਼ਾਮਲ ਹੋਣਗੇ।


SABZI MANDI SUPERMARKET



Chal Chaliye Sabzi Mandi Chal Chaliye ...

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ

ਸਬਜ਼ੀ ਮੰਡੀ ਨੂੰ ਯਾਦ ਰਖੋ

# ਐਬਟਸਫੋਰਡ ਦੇ ਪੰਜਾਬੀ ਕਾਰੋਬਾਰੀ ਦਰਸ਼ਨ ਸਿੰਘ ਸਾਹਸੀ ਦੀ ਗੋਲੀਆਂ ਮਾਰ ਕੇ ਹੱਤਿਆ

ਕੈਨੇਡਾ ਦੇ ਐਬਟਸਫੋਰਡ ਵਿੱਚ 68 ਸਾਲਾ ਭਾਰਤੀ ਮੂਲ ਦੇ ਕੱਪੜਾ ਕਾਰੋਬਾਰੀ ਦਰਸ਼ਨ ਸਿੰਘ ਸਾਹਸੀ ਦੇ ਕਤਲ ਮਾਮਲੇ ਨੇ ਇੱਕ ਨਵਾਂ ਮੋੜ ਲੈ ਲਿਆ ਹੈ। ਮ੍ਰਿਤਕ ਦੇ ਪੁੱਤਰ ਅਰਪਨ ਸਾਹਸੀ ਨੇ ਸਪੱਸ਼ਟ ਤੌਰ ‘ਤੇ ਕਿਹਾ ਹੈ ਕਿ ਉਸਦੇ ਪਿਤਾ ਦਾ ਕਿਸੇ ਗਿਰੋਹ ਨਾਲ ਕੋਈ ਟਕਰਾਅ ਨਹੀਂ ਸੀ, ਨਾ ਹੀ ਉਨ੍ਹਾਂ ਨੂੰ ਕੋਈ ਧਮਕੀ ਜਾਂ ਫਿਰੌਤੀ ਦੀ ਮੰਗ ਕੀਤੀ ਗਈ ਸੀ। ਪੁੱਤਰ ਨੇ ਲਾਰੈਂਸ ਬਿਸ਼ਨੋਈ ਗੈਂਗ ਵੱਲੋਂ ਸੋਸ਼ਲ ਮੀਡੀਆ ‘ਤੇ ਪੋਸਟ ਕੀਤੇ ਗਏ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਹੈ।

ਬੁੱਧਵਾਰ ਨੂੰ ਪੁਲਿਸ ਦੁਆਰਾ ਸੀਲ ਕੀਤੇ ਗਏ ਪਰਿਵਾਰਕ ਘਰ ਦੇ ਬਾਹਰ ਮੀਡੀਆ ਨਾਲ ਗੱਲ ਕਰਦੇ ਹੋਏ, ਅਰਪਨ ਸਾਹਸੀ ਨੇ ਕੈਨੇਡੀਅਨ ਮੀਡੀਆ ਨੂੰ ਦੱਸਿਆ:

“ਕੋਈ ਕਾਲ ਨਹੀਂ, ਕੋਈ ਧਮਕੀ ਨਹੀਂ, ਕੋਈ ਬਲੈਕਮੇਲ ਨਹੀਂ - ਕੁਝ ਵੀ ਨਹੀਂ। ਮੇਰੇ ਪਿਤਾ ਜੀ ਨੇ ਸਖ਼ਤ ਮਿਹਨਤ ਨਾਲ ਆਪਣਾ ਕਾਰੋਬਾਰ ਬਣਾਇਆ। ਇਹ ਕਤਲ ਪੂਰੀ ਤਰ੍ਹਾਂ ਬੇਬੁਨਿਆਦ ਅਤੇ ਬੇਤੁਕਾ ਹੈ। ਇਸ ਤੋਂ ਕਿਸੇ ਨੂੰ ਵੀ ਫਾਇਦਾ ਨਹੀਂ ਹੋਇਆ।”



ਅਰਪਨ ਨੇ ਦੱਸਿਆ ਕਿ ਦਰਸ਼ਨ ਸਿੰਘ ਸਾਹਸੀ 1991 ਵਿੱਚ ਭਾਰਤ ਤੋਂ ਕੈਨੇਡਾ ਆਏ ਸਨ ਅਤੇ ਇੱਕ ਟੈਕਸਟਾਈਲ ਰੀਸਾਈਕਲਿੰਗ ਕੰਪਨੀ, ਕੈਨਮ ਇੰਟਰਨੈਸ਼ਨਲ ਦੀ ਸਥਾਪਨਾ ਕੀਤੀ। ਉਹ ਆਪਣੇ ਉਦਯੋਗ ਅਤੇ ਸਮਾਜਿਕ ਕਾਰਜਾਂ ਲਈ ਜਾਣੇ ਜਾਂਦੇ ਸਨ।

ਅਰਪਨ ਨੇ ਜ਼ੋਰ ਦੇ ਕੇ ਕਿਹਾ ਕਿ ਉਨ੍ਹਾਂ ਦੇ ਪਿਤਾ ਦੀ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਕੋਈ ਸ਼ਮੂਲੀਅਤ ਨਹੀਂ ਸੀ ਅਤੇ ਉਹ ਉਮੀਦ ਕਰਦੇ ਹਨ ਕਿ ਅਸਲ ਦੋਸ਼ੀ ਜਲਦੀ ਹੀ ਫੜੇ ਜਾਣਗੇ।

ਕਤਲ ਤੋਂ ਇੱਕ ਦਿਨ ਬਾਅਦ ਮੰਗਲਵਾਰ ਨੂੰ, ਲਾਰੈਂਸ ਬਿਸ਼ਨੋਈ ਗੈਂਗ ਨੇ ਆਪਣੇ ਕੈਨੇਡਾ-ਅਧਾਰਤ ਸਹਿਯੋਗੀ ਗੋਲਡੀ ਢਿੱਲੋਂ ਦੇ ਨਾਮ ‘ਤੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਤਲ ਦੀ ਜ਼ਿੰਮੇਵਾਰੀ ਲਈ।

ਗੈਂਗ ਦਾ ਕਾਰਨ: ਦਾਅਵੇ ਵਿੱਚ ਕਿਹਾ ਗਿਆ ਹੈ ਕਿ ਦਰਸ਼ਨ ਸਾਹਸੀ “ਇੱਕ ਵੱਡੇ ਡਰੱਗ ਕਾਰੋਬਾਰ ਵਿੱਚ ਸ਼ਾਮਲ ਸੀ” ਅਤੇ ਉਸਨੇ “ਸੁਰੱਖਿਆ ਪੈਸੇ” ਦੇਣ ਤੋਂ ਇਨਕਾਰ ਕਰ ਦਿੱਤਾ ਸੀ।

ਪੋਸਟ ਵਿੱਚ ਚੇਤਾਵਨੀ: ਗੈਂਗ ਨੇ ਲਿਖਿਆ ਕਿ ਜਦੋਂ ਉਨ੍ਹਾਂ ਨੇ ਪੈਸੇ ਦੀ ਮੰਗ ਕੀਤੀ, ਤਾਂ ਸਾਹਸੀ ਨੇ ਉਨ੍ਹਾਂ ਨੂੰ ਚੁਣੌਤੀ ਦਿੱਤੀ ਅਤੇ ਫੋਨ ਬਲਾਕ ਕਰ ਦਿੱਤਾ, ਜਿਸ ਕਾਰਨ ਉਨ੍ਹਾਂ ਨੂੰ ਕਾਰਵਾਈ ਕਰਨੀ ਪਈ। ਗੈਂਗ ਨੇ ਭਵਿੱਖ ਵਿੱਚ ਧੋਖਾ ਦੇਣ ਦੀ ਕੋਸ਼ਿਸ਼ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਇਹੀ ਹਾਲ ਹੋਣ ਦੀ ਚੇਤਾਵਨੀ ਵੀ ਦਿੱਤੀ।

ਐਬਟਸਫੋਰਡ ਪੁਲਿਸ ਨੇ ਗੈਂਗ ਦੀ ਸੋਸ਼ਲ ਮੀਡੀਆ ਪੋਸਟ ਦੀ ਪ੍ਰਮਾਣਿਕਤਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੁਲਿਸ ਨੇ ਘਟਨਾ ਸਥਾਨ ਦੇ ਨੇੜੇ ਇੱਕ ਚਾਂਦੀ ਦੀ ਟੋਇਟਾ ਕੋਰੋਲਾ ਕਾਰ ਦੀ ਸੀਸੀਟੀਵੀ ਫੁਟੇਜ ਵੀ ਪ੍ਰਾਪਤ ਕੀਤੀ ਹੈ, ਜਿਸ ਨੂੰ ਘਟਨਾ ਤੋਂ ਥੋੜ੍ਹੀ ਦੇਰ ਬਾਅਦ ਭੱਜਦੇ ਦੇਖਿਆ ਗਿਆ ਸੀ।

ਪੁਲਿਸ ਨੇ ਆਪਣੇ ਸੁਰਾਗ ਹੁਣ ਇਸ ਕਾਰ ਅਤੇ ਗੈਂਗ ਦੇ ਦਾਅਵਿਆਂ ਦੀ ਦਿਸ਼ਾ ਵਿੱਚ ਕੇਂਦਰਿਤ ਕਰ ਦਿੱਤੇ ਹਨ।

ਪਰਿਵਾਰ ਨੇ ਦੱਸਿਆ ਹੈ ਕਿ ਉਹ ਡੂੰਘੇ ਸਦਮੇ ਵਿੱਚ ਹਨ ਅਤੇ ਪੁਲਿਸ ਜਾਂਚ ਵਿੱਚ ਪੂਰਾ ਸਹਿਯੋਗ ਕਰ ਰਹੇ ਹਨ।

# ਕੈਨੇਡਾ ਵਿਚ ਇਕ ਹੋਰ ਭਾਰਤੀ ਕਾਰੋਬਾਰੀ ਦਾ ਕਤਲ



**ਐਡਮਿੰਟਨ:** ਕੈਨੇਡਾ ਵਿਚ ਇਕ ਹੋਰ ਭਾਰਤੀ ਕਾਰੋਬਾਰੀ ਦੀ ਹੱਤਿਆ ਕਰਨ ਦਾ ਦੁਖਦ ਮਾਮਲਾ ਸਾਹਮਣੇ ਆਇਆ ਹੈ। ਵਾਰਦਾਤ 19 ਅਕਤੂਬਰ ਨੂੰ ਐਡਮਿੰਟਨ ਦੇ ਡਾਊਨਟਾਊਨ ਵਿਚ ਵਾਪਰੀ ਜਦੋਂ 55 ਸਾਲ ਦਾ ਆਰਵੀ ਸਿੰਘ ਸੱਗੂ ਆਪਣੀ ਗਰਲਫਰੈਂਡ ਨਾਲ ਰੈਸਟੋਰੈਂਟ ਵਿਚ ਖਾਣਾ ਖਾਣ ਮਗਰੋਂ ਬਾਹਰ ਆ ਰਿਹਾ ਸੀ ਅਤੇ ਇਕ ਅਣਪਛਾਤਾ ਸ਼ਖਸ ਆਰਵੀ ਸਿੰਘ ਦੀ ਕਾਰ ਨੇੜੇ ਪਿਸ਼ਾਬ ਕਰਦਾ ਨਜ਼ਰ ਆਇਆ। ਆਰਵੀ ਸਿੰਘ ਨੇ ਉਸ ਨੂੰ ਟੋਕਿਆ ਤਾਂ ਇਤਰਾਜ਼ਯੋਗ ਹਰਕਤ ਕਰ ਰਹੇ ਸ਼ਖਸ ਨੇ ਆਰਵੀ ਦੇ ਸਿਰ ਉਤੇ ਵਾਰ ਕਰ ਦਿਤਾ। ਹਮਲੇ ਮਗਰੋਂ ਆਰਵੀ ਸਿੰਘ ਬੇਹੋਸ਼ ਹੋ ਕੇ ਧਰਤੀ ’ਤੇ ਡਿੱਗ ਗਿਆ ਅਤੇ ਉਸ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ। ਪੰਜ ਦਿਨ ਆਈ.ਸੀ.ਯੂ. ਵਿਚ ਰਹਿਣ ਮਗਰੋਂ ਆਰਵੀ ਸਿੰਘ ਨੇ ਦਮ ਤੋੜ ਦਿਤਾ। ਉਧਰ ਐਡਮਿੰਟਨ ਪੁਲਿਸ ਨੇ ਦੱਸਿਆ ਕਿ 40 ਸਾਲ ਦੇ ਕਾਇਲ ਪੈਪਿਨ ਨੂੰ ਗ੍ਰਿਫ਼ਤਾਰ ਕਰਦਿਆਂ ਖਤਰਨਾਕ ਹਮਲਾ ਕਰਨ ਦੇ ਦੋਸ਼ ਆਇਦ ਕੀਤੇ ਗਏ ਪਰ ਹੁਣ ਦੋਸ਼ਾਂ ਵਿਚ ਵਾਧਾ ਕੀਤਾ ਜਾ ਰਿਹਾ ਹੈ। ਜਾਂਚਕਰਤਾਵਾਂ ਦਾ ਕਹਿਣਾ ਹੈ ਕਿ ਆਰਵੀ ਸਿੰਘ ਸੱਗੂ ਅਤੇ ਪੈਪਿਨ ਇਕ-ਦੂਜੇ ਨੂੰ ਜਾਣਦੇ ਨਹੀਂ ਸਨ। ਪੈਪਿਨ ਦੀ ਅਦਾਲਤ ਵਿਚ ਪੇਸ਼ੀ 4 ਨਵੰਬਰ ਨੂੰ ਹੋਣੀ ਹੈ।



# PUNJABI JOURNAL

Volume: 18, Issue: 44 || Ph: 604-312-5678 || Friday, October 30, 2025


## ਬਲਜੀਤ ਸਿੰਘ ਢਿੱਲੋਂ ਤੇ ਜਗੀਰ ਕੋਰ ਢਿੱਲੋਂ ਨੇ ਕੈਂਸਰ ਫਾਊਂਡੇਸ਼ਨ ਤੇ ਹਸਪਤਾਲ ਨੂੰ 5 ਮਿਲੀਅਨ ਡਾਲਰ ਦਾਨ ਕੀਤੇ



**ਵੈਨਕੂਵਰ:** ਬਲਜੀਤ ਸਿੰਘ ਢਿੱਲੋਂ ਤੇ ਜਗੀਰ ਕੌਰ ਢਿੱਲੋਂ ਵਲੋਂ 5 ਮਿਲੀਅਨ ਡਾਲਰ ਦੀ ਰਾਸ਼ੀ ਕੈਂਸਰ ਫਾਊਂਡੇਸ਼ਨ ਅਤੇ ਬੱਚਿਆਂ ਦੇ ਹਸਪਤਾਲ ਲਈ ਦਾਨ ਕੀਤੀ ਗਈ ਸੀ। ਖਾਲਸਾ ਦੀਵਾਨ ਸੁਸਾਇਟੀ ਦੇ ਨਿਸ਼ਕਾਮ ਸੇਵਕ ਭਾਈ ਬਲਜੀਤ ਸਿੰਘ ਢਿੱਲੋਂ ਗੁਰੂਘਰ ਵਿਖੇ ਸ਼ਰਧਾ ਪਿਆਰ ਤੇ ਸਤਿਕਾਰ ਨਾਲ ਸੇਵਾ ਨਿਭਾਉਂਦੇ ਹਨ। ਗਿਆਨੀ ਹਰਮਿੰਦਰਪਾਲ ਸਿੰਘ ਜੀ ਨੇ ਸਿੱਖਾਂ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਅਤੇ ਇਹਨਾਂ ਦੀ ਇਹ ਸੇਵਾ ਦੀ ਤਾਰੀਫ਼ ਕੀਤੀ। ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵਲੋਂ ਦੋਹਾਂ ਨੂੰ ਪਲੇਕ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਬੰਧਕ ਕਮੇਟੀ ਢਿੱਲੋਂ ਜੋੜੇ ਦੇ ਦਾਨ ਦੀ ਸ਼ਲਾਘਾ ਕਰਦੀ ਹੈ।

ਇੱਥੇ ਵਰਣਨਯੋਗ ਹੈ ਕਿ ਸ. ਬਲਜੀਤ ਸਿੰਘ ਸਿੰਘ ਢਿੱਲੋਂ 1980 ਵਿਚ ਬੀਬੀ ਜਗੀਰ ਕੌਰ ਢਿੱਲੋਂ ਨਾਲ ਸ਼ਾਦੀ ਕਰ ਕੇ ਕਨੇਡਾ ਆਏ ਸਨ। ਸ. ਢਿੱਲੋਂ ਨੇ ਕਾਨਪੁਰ ਤੋਂ ਸਾਇੰਸ ਦੇ ਖੇਤਰ ਵਿਚ ਵਿੱਦਿਆ ਪ੍ਰਾਪਤ ਕੀਤੀ ਅਤੇ ਫਿਰ ਵਿੱਦਿਆ ਵਿਭਾਗ ਵਿਚ ਪੰਜ ਸਾਲ ਨੌਕਰੀ ਕੀਤੀ ਤੇ ਫਿਰ ਯੂ.ਪੀ.ਐੱਸ.ਸੀ. ਵਿਚ ਵੀ ਨੌਕਰੀ ਕੀਤੀ।

ਉਹ ਜ਼ਿਲਾ ਜਲੰਧਰ ਦੀ ਤਹਿਸੀਲ ਫਿਲੌਰ ਦੇ ਕਸਬਾ ਅੱਪਰਾ ਲਾਗਲੇ ਪਿੰਡ ਮੰਡੀ ਦੇ ਜੰਮਪਲ ਹਨ। ਕੈਨੇਡਾ ਆ ਕੇ ਉਹਨਾਂ ਹੈਵੀ ਡਿਊਟੀ ਮਕੈਨਿਕ ਦਾ ਕੋਰਸ ਕੀਤਾ। ਉਪਰੰਤ ਅਮੈਰਿਕਨ ਬਿਲਡਿੰਗ ਮੇਨਟੀਨੈਂਸ ਵਿਚ ਬਤੌਰ ਸੁਪਰਵਾਈਜ਼ਰ 3 ਸਾਲ ਨੌਕਰੀ ਕੀਤੀ। 9 ਸਾਲ ਡਿਸਟ੍ਰਿਕ ਮੈਨੇਜਰ ਦੀ ਨੌਕਰੀ ਕੀਤੀ।

12 ਸਾਲ ਸਰੀ ਸਕੂਲ ਡਿਸਟ੍ਰਿਕ ਵਿਚ ਨੌਕਰੀ ਕੀਤੀ। ਭਾਵ 24 ਸਾਲ ਸਖਤ ਕੰਮ ਕਰ ਕੇ ਮਿਹਨਤ ਨਾਲ ਪੈਸਾ ਕਮਾਇਆ। ਉਹਨਾਂ ਆਪਣੀ ਅਤੇ ਆਪਣੇ ਮਾਤਾ ਪਿਤਾ ਦੀ ਕਹਾਣੀ ਸਾਂਝੀ ਕਰਦਿਆਂ ਦੱਸਿਆ ਕਿ ਉਹਨਾਂ ਦੇ ਪਿਤਾ ਸ੍ਰ. ਬਖਸ਼ੀਸ਼ ਸਿੰਘ ਢਿੱਲੋਂ ਨੂੰ ਪਰੌਸਟੇਟ ਕੈਂਸਰ ਹੋ ਗਿਆ ਸੀ, ਉਹਨਾਂ ਦਾ ਇਲਾਜ ਕੈਂਸਰ ਦੇ ਹਸਪਤਾਲ ਵਾਲਿਆਂ ਨੇ ਬਹੁਤ ਹੀ ਵਧੀਆ ਢੰਗ ਨਾਲ ਕੀਤਾ ਤੇ ਇਲਾਜ ਉਪਰੰਤ ਦਸ ਸਾਲ ਤੱਕ ਜਿਉਂਦੇ ਰਹੇ। 2011 ਵਿਚ ਉਹ ਇੰਡੀਆ ਗਏ ਤਾਂ ਫਿਰ ਕੈਂਸਰ ਦੀ ਸ਼ਿਕਾਇਤ ਹੋ ਗਈ। ਉਹਨਾਂ ਨੂੰ ਫਿਰ ਰਿਚਮੰਡ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਜਿੱਥੇ ਉਹ ਸਵਾਸ ਪੂਰੇ ਕਰ ਗਏ।

ਜਿਉਂਦੇ ਜੀਅ ਉਹ ਕਹਿ ਗਏ ਸਨ ਕਿ ਜੇਕਰ ਦਾਨ ਕਰਨਾ ਹੋਇਆ ਤਾਂ ਕੈਂਸਰ ਹਸਪਤਾਲ ਅਤੇ ਬੱਚਿਆਂ ਦੇ ਹਸਪਤਾਲ ਨੂੰ ਕਰਨਾ ਹੈ। ਫਿਰ ਉਹਨਾਂ ਦੀ ਮਾਤਾ ਬੀਬੀ ਹਰਭਜਨ ਕੌਰ ਢਿੱਲੋਂ ਨੂੰ ਓਵਰੇਨ ਕੈਂਸ ਹੋ ਗਿਆ ਤਾਂ ਡਾਕਟਰਾਂ ਦੇ ਵਧੀਆ ਇਲਾਜ ਦੀ ਬਦੌਲਤ ਉਹ ਸਾਢੇ ਚਾਰ ਸਾਲ ਜਿਉਂਦੀ ਰਹੀ।

2011 'ਚ ਮੈਨੂੰ ਖੁਦ ਨੂੰ ਕੋਲਿਨ ਕੈਂਸਰ ਹੋ ਗਿਆ ਦੀ 4 ਮਾਰਚ 2022 ਨੂੰ ਸਰਜਰੀ ਹੋਈ, ਡਾਕਟਰਾਂ ਨੇ ਵਧੀਆ ਦੇਖ ਭਾਲ ਕੀਤੀ ਅਤੇ ਅੱਜ ਉਹ ਰਿਸ਼ਟ ਪੁਸ਼ਟ ਜੀਵਨ ਬਤੀਤ ਕਰ ਰਹੇ ਹਨ। ਉਹ ਚਾਹੁੰਦੇ ਹਨ ਕਿ ਕੈਂਸਰ ਦੇ ਇਲਾਜ ਵਿਚ ਵੱਧ ਤੋਂ ਵੱਧ ਖੋਜ ਹੋਵੇ ਤਾਂ ਜੋ ਇਸ ਨਾਮੁਰਾਦ ਬਿਮਾਰੀ ਦੇ ਪੀੜਤਾਂ ਨੂੰ ਹੋਰ ਵੀ ਵਧੀਆ ਇਲਾਜ ਮਿਲ ਸਕੇ।

## ਖਾਲਸਾ ਦੀਵਾਨ ਸੁਸਾਇਟੀ ਸਰੀ ਦੀ ਕਮੇਟੀ ਦੇ ਮੈਂਬਰ ਹਮੀਰ ਸਿੰਘ ਸੇਖੋਂ ਨਹੀਂ ਰਹੇ



**ਸਰੀ:** ਸ. ਹਮੀਰ ਸਿੰਘ ਸੇਖੋਂ ਜੀ 89 ਸਾਲ ਦੀ ਉਮਰ ਵਿਚ ਪਿਛਲੇ ਦਿਨੀਂ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ।

ਉਨ੍ਹਾਂ ਨੇ ਗੁਰਦਵਾਰਾ ਗੁਰਨਾਨਕ ਸਹਿਬ ਸੜ੍ਹੀ-ਡੈਲਟਾ ਦੀ ਪ੍ਰਬੰਧਕੀ ਕਮੇਟੀ ਵਿਚ ਅਤੇ ਗੁਰਦਵਾਰਾ ਖਾਲਸਾ ਦੀਵਾਨ ਸੁਸਾਇਟੀ ਸੜ੍ਹੀ (ਯੌਰਕ ਸੈਂਟਰ) ਦੀ ਪ੍ਰਬੰਧਕੀ ਕਮੇਟੀ ਵਿਚ, ਵਿਖੇ ਵੱਖ-ਵੱਖ ਆਹੁਦਿਆਂ ਤੇ ਰਹਿ ਕੇ ਗੁਰੂ ਘਰਾਂ ਦੀ ਸੇਵਾ ਸੰਭਾਲ ਵਿਚ ਵੱਡਮੁਲਾ ਯੋਗਦਾਨ ਪਾਇਆ, ਸੰਗਤ ਦੇ ਹਰਮਨ ਪਿਆਰੇ ਸੇਵਾਦਾਰ ਅਤੇ ਇਕ ਦਿਲਦਾਰ ਸਾਥੀ ਸਦੀਵੀ ਵਿਛੋੜਾ ਦੇ ਗਏ।

ਉਨ੍ਹਾਂ ਦਾ ਪਿਛਲਾ ਪਿੰਡ ਭੂਤਨੇਂ ਜਿਲਾਂ ਸੰਗਰੂਰ ਹੈ ਅਤੇ ਉਨ੍ਹਾਂ ਨੇ ਬਤੌਰ ਅਧਿਆਪਕ ਸੇਵਾ ਕੀਤੀ ਅਤੇ ਬਲੌਕ ਐਜੁਕੇਸ਼ਨ ਆਫੀਸਰ ਦੇ ਆਹੁਦੇ ਤੇ ਸੇਵਾ ਮੁਕਤ ਹੋਏ। 2 ਨਵੰਬਰ -2025 ਦਿਨ ਐਤਵਾਰ ਨੂੰ 12.30 ਵਜੇ RIVERSIDE FUNNERAL HOME & CREMATORIUM DELTA ਵਿਖੇ ਉਨ੍ਹਾਂ ਦੀ ਮ੍ਰਿਤਕ ਦੇਹ ਦਾ ਸੰਸਕਾਰ ਹੋਵੇਗਾ ਅਤੇ ਗੁਰਦਵਾਰਾ ਖਾਲਸਾ ਦੀਵਾਨ ਸੁਸਾਇਟੀ ਸਰੀ, (ਯੌਰਕ ਸੈਂਟਰ)—7938-128 ਸਟਰੀਟ, ਸਰੀ, ਵਿਖੇ 2.30 ਵਜੇ ਅੰਤਿਮ ਅਰਦਾਸ ਹੋਵੇਗੀ। ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਫੋਨ 604 780 2704 'ਤੇ ਸੰਪਰਕ ਕੀਤਾ ਜਾ ਸਕਦਾ ਹੈ।


WCC WESTERN COMMUNITY COLLEGE



JUMPSTART YOUR CAREER WITH WESTERN COMMUNITY COLLEGE!

TRAIN FOR IN-DEMAND CAREERS IN:

MASSAGE THERAPY
GRADUATE IN 52 WEEKS

AVIATION
EARN YOUR PPL & CPL

PHARMACY TECHNICIAN
HIGH-DEMAND, HIGH-PAYING FIELD

APPLY NOW: WCC.CA

# ਸਰੀ ਨੋਰਥ ਤੋਂ ਐਮ.ਐਲ.ਏ. ਮਨਦੀਪ ਧਾਲੀਵਾਲ ਦੇ ਦਫ਼ਤਰ ਦਾ ਉਦਘਾਟਨ



**ਸਰੀ**, (ਹਰਦਮ ਮਾਨ)- ਸਰੀ ਨੋਰਥ ਹਲਕੇ ਵਿੱਚ ਕੰਸਰਵੇਟਿਵ ਪਾਰਟੀ ਦੇ ਐਮ.ਐਲ.ਏ. ਮਨਦੀਪ ਸਿੰਘ ਧਾਲੀਵਾਲ ਦੇ ਦਫ਼ਤਰ ਦਾ ਉਦਘਾਟਨ ਪਾਰਟੀ ਦੇ ਪ੍ਰਧਾਨ ਜੌਹਨ ਰਸਟਿਡ ਨੇ ਨਾਲ ਕੀਤਾ। ਇਸ ਮੌਕੇ ਕਈ ਕਮਿਊਨਿਟੀ ਆਗੂਆਂ, ਪਾਰਟੀ ਵਰਕਰਾਂ, ਸਮਾਜ ਸੇਵਕਾਂ ਅਤੇ ਆਮ ਨਾਗਰਿਕਾਂ ਨੇ ਹਾਜ਼ਰੀ ਭਰੀ।

ਮਨਦੀਪ ਸਿੰਘ ਧਾਲੀਵਾਲ ਨੇ ਸਭ ਦਾ ਸਵਾਗਤ ਕਰਦਿਆਂ ਕਿਹਾ ਕਿ ਇਹ ਦਫ਼ਤਰ ਸਿਰਫ਼ ਇੱਕ ਇਮਾਰਤ ਨਹੀਂ, ਸਗੋਂ ਕਮਿਊਨਿਟੀ ਨਾਲ ਸਿੱਧਾ ਸੰਬੰਧ ਬਣਾਉਣ ਦਾ ਕੇਂਦਰ ਹੈ। ਮੇਰਾ ਵਿਸ਼ਵਾਸ ਹੈ ਕਿ ਨੇਤਾ ਦਾ ਦਰਵਾਜ਼ਾ ਹਮੇਸ਼ਾਂ ਲੋਕਾਂ ਲਈ ਖੁੱਲ੍ਹਾ ਹੋਣਾ ਚਾਹੀਦਾ ਹੈ।

ਮੈਂ ਚਾਹੁੰਦਾ ਹਾਂ ਕਿ ਹਰ ਨਿਵਾਸੀ ਨੂੰ ਇਹ ਅਹਿਸਾਸ ਹੋਵੇ ਕਿ ਉਸ ਦੀ ਆਵਾਜ਼ ਸੁਣੀ ਜਾ ਰਹੀ ਹੈ ਅਤੇ ਕਮਿਊਨਿਟੀ ਦੇ ਮਸਲੇ ਸੰਜੀਦਗੀ ਨਾਲ ਵਿਚਾਰੇ ਜਾ ਰਹੇ ਹਨ।

ਉਹਨਾਂ ਹੋਰ ਕਿਹਾ ਕਿ ਸਰੀ ਨੋਰਥ ਵਿਚ ਵੱਖ ਵੱਖ ਕੌਮਾਂ, ਧਰਮਾਂ ਅਤੇ ਪਿਛੋਕੜ ਦੇ ਲੋਕ ਇਕੱਠੇ ਵੱਸਦੇ ਹਨ। ਮੇਰਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਹਰ ਪਰਿਵਾਰ ਨੂੰ ਸੁਰੱਖਿਅਤ, ਸੁਚੱਜਾ ਅਤੇ ਆਸਾਨ ਜੀਵਨ ਮਿਲੇ। ਚਾਹੇ ਗੱਲ ਹੋਵੇ ਸੁਰੱਖਿਆ ਦੀ, ਟਰਾਂਸਪੋਰਟ ਦੀ, ਨੌਜਵਾਨਾਂ ਦੇ ਰੋਜ਼ਗਾਰ ਦੀ ਜਾਂ ਸਿਹਤ ਸੇਵਾਵਾਂ ਦੀ—ਇਹ ਦਫ਼ਤਰ ਹਰ ਮਸਲੇ ‘ਤੇ ਲੋਕਾਂ ਨਾਲ ਖੜ੍ਹੇਗਾ।

ਧਾਲੀਵਾਲ ਨੇ ਕਿਹਾ ਕਿ ਉਹ ਆਪਣੇ ਸਟਾਫ਼ ਦੇ ਨਾਲ ਮਿਲ ਕੇ ਹਫ਼ਤੇ ਦੇ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 4 ਵਜੇ ਤੱਕ ਲੋਕਾਂ ਲਈ ਉਪਲਬਧ ਰਹਿਣਗੇ। ਜਿਹੜੇ ਨਾਗਰਿਕ ਵਿਅਕਤੀਗਤ ਤੌਰ ‘ਤੇ ਨਾ ਆ ਸਕਣ, ਉਹ ਫ਼ੋਨ ਜਾਂ ਈਮੇਲ ਰਾਹੀਂ ਸੰਪਰਕ ਕਰ ਸਕਦੇ ਹਨ। ਉਹਨਾਂ ਕਿਹਾ ਮੈਂ ਚਾਹੁੰਦਾ ਹਾਂ ਕਿ ਇਹ ਦਫ਼ਤਰ ਇੱਕ ਅਜਿਹਾ ਸਥਾਨ ਬਣੇ ਜਿੱਥੇ ਲੋਕ ਖੁੱਲ੍ਹ ਕੇ ਆਪਣੀਆਂ ਚਿੰਤਾਵਾਂ ਸਾਂਝੀਆਂ ਕਰ ਸਕਣ। ਸਾਡੀ ਟੀਮ ਦਾ ਮੁੱਖ ਉਦੇਸ਼ ਹੈ – ਸਮੱਸਿਆ ਸੁਣਨੀ, ਸਮਝਣੀ ਅਤੇ ਉਸ ਦਾ ਹੱਲ ਲੱਭਣਾ। ਸਾਡੀ ਸੇਵਾ ਰਾਜਨੀਤੀ ਤੋਂ ਉੱਪਰ ਹੈ।

ਪਾਰਟੀ ਨੇਤਾ ਜੋਹਨ ਰਸਟਿਡ ਨੇ ਮਨਦੀਪ ਸਿੰਘ ਧਾਲੀਵਾਲ ਦੀ ਤਾਰੀਫ਼ ਕਰਦਿਆਂ ਕਿਹਾ ਕਿ ਉਹ ਸਮਰਪਿਤ ਅਤੇ ਮਿਹਨਤੀ ਨੇਤਾ ਹਨ ਜੋ ਹਮੇਸ਼ਾਂ ਲੋਕਾਂ ਦੀ ਸੇਵਾ ਨੂੰ ਪਹਿਲ ਦਿੰਦੇ ਹਨ।

## ਬਰੇਕ ਲੈਣੀ ਚਾਹੀਦੀ

ਝੜ ਜਾਣੇ ਪੱਤੇ ਪਰ, ਔੜ ਨਹੀਓਂ ਮੁੱਕਣੀ
ਜ਼ਿੰਦਗੀ ਚ ਪੈਸਿਆਂ ਦੀ, ਦੌੜ ਨਹੀਓਂ ਮੁੱਕਣੀ
ਵਿਹਲੇ ਬੈਠ ਧੂਣੀ ਕਦੇ, ਸੇਕ ਲੈਣੀ ਚਾਹੀਦੀ
ਕਦੇ ਕਦੇ ਬੰਦੇ ਨੂੰ, ਬਰੇਕ ਲੈਣੀ ਚਾਹੀਦੀ

*******************************

Peg ਤੇ ਪੈਮਾਨਾ ਸਦਾ, ਦੇਖ ਕੇ ਹੀ ਪਾਈਦੇ
ਯਾਰੀ ਤੇ ਨਿਸ਼ਾਨਾ ਸਦਾ,ਦੇਖ ਕੇ ਹੀ ਲਾਈਦੇ
ਢੱਡ ਖੜਕਾ ਕੇ ਪਹਿਲਾਂ, ਦੇਖ ਲੈਣੀ ਚਾਹੀਦੀ
ਕਦੇ ਕਦੇ ਬੰਦੇ ਨੂੰ, ਬਰੇਕ ਲੈਣੀ ਚਾਹੀਦੀ

*******************************

ਰੇਤਿਆਂ ਦੀ ਕੰਧ ’ਤੇ, ਚੁਬਾਰੇ ਪਾਈ ਬੈਠਾ ਐਂ
ਸਾਂਭੇ ਨਹੀਓਂ ਜਾਣੇ ਜੋ, ਖਿਲਾਰੇ ਪਾਈ ਬੈਠਾ ਏਂ
ਖਿੱਦੋ ਪਈ ਖਿੱਲਰੀ, ਸਮੇਟ ਲੈਣੀ ਚਾਹੀਦੀ
ਕਦੇ ਕਦੇ ਬੰਦੇ ਨੂੰ ਬਰੇਕ ਲੈਣੀ ਚਾਹੀਦੀ

****************************

ਆਉਂਦੇ ਨੀਂ ਚਲਾਉਣੇ, ਹਥਿਆਰ ਨਹੀਓਂ ਭੰਡੀਦੇ
ਪਿੱਠ ਪਿੱਛੇ ਕਦੇ ਯਾਰੋ, ਯਾਰ ਨਹੀਓਂ ਭੰਡੀਦੇ
ਗੁੱਸਾ ਗਿਲਾ ਸਾਹਾਂ ਵਿੱਚ, ਦੱਬ ਲੈਣਾ ਚਾਹੀਦਾ
ਮਿੱਤਰੋ ਬਦਾਮਾਂ ਵਾਂਗੂੰ, ਚੱਬ ਲੈਣਾ ਚਾਹੀਦਾ
ਗੱਲਬਾਤ ਬੈਠ ਕੇ, ਸਮੇਟ ਲੈਣੀ ਚਾਹੀਦੀ
ਕਦੇ ਕਦੇ ਬੰਦੇ ਨੂੰ, ਬਰੇਕ ਲੈਣੀ ਚਾਹੀਦੀ

***************************

ਜੀਹਦੇ ਪਿੱਛੇ ਭਾਈਆਂ ਦਾ, ਗੰਡਾਸਾ ਖੜਕੇ
ਖੁੱਲਦੇ ਦੁਨਾਲੀਆਂ ਦੇ, ਫਾਇਰ ਲੜਕੇ
ਇੱਦਾਂ ਦੀ ਜ਼ਮੀਨ ਫੇਰ, ਵੇਚ ਲੈਣੀ ਚਾਹੀਦੀ
ਗੱਲਬਾਤ ਬੈਠ ਕੇ, ਸਮੇਟ ਲੈਣੀ ਚਾਹੀਦੀ

***************************

ਦੂਜੇ ਵੱਲ ਦੇਖ ਨਾ ,ਚੁਗਾਠਾਂ ਪੱਟੀਏ
ਬੰਦਿਆਂ ’ਤੇ ਵਾਹਲੀਆਂ ਨਾ,ਆਸਾਂ ਰੱਖੀਏ
ਰੱਬ ਦੀ ਸਹੋਤਿਆ ਓ,ਟੇਕ ਲੈਣੀ ਚਾਹੀਦੀ
ਕਦੇ ਕਦੇ ਬੰਦੇ ਨੂੰ ,ਬਰੇਕ ਲੈਣੀ ਚਾਹੀਦੀ
ਵਿਹਲੇ ਬੈਠ ਧੂਣੀ ਕਦੇ, ਸੇਕ ਲੈਣੀ ਚਾਹੀਦੀ
ਗੱਲਬਾਤ ਬੈਠ ਕੇ, ਸਮੇਟ ਲੈਣੀ ਚਾਹੀਦੀ

**ਕੁਲਵੀਰ ਸਿੰਘ ਡਾਨਸੀਵਾਲ**

ANSATEL COMMUNICATIONS

Helping Lower Mainland Businesses Since 1983



Panasonic ideas for life

- VOIP Telephone Systems
- VOIP Phone Lines
- Data & Telephone Cabling
- Automatic Call Distribution
- CTI (Computer Telephone Integration)
- Wireless & Corded Headsets
- Multiline Wireless Telephones
- Lease Or Rental Packages
- Service Other Makes & Models

Helping Lower Mainland Businesses Since 1983

*Customized Solutions to Suit Your Needs.*

604-872-6500

2148 Kingsway, Vancouver | www.ansatel.com - info@ansatel.com

24/7 SALES & SERVICE

# ਸੀਨੀਅਰ ਨਾਗਰਿਕਾਂ ਨੇ ਕਵੀ ਦਰਬਾਰ ਦਾ ਪਿੜ੍ਹ ਬੰਨ੍ਹਿਆ



**ਸਰੀ**: ਇੰਡੋ ਕਨੇਡੀਅਨ ਸੀਨੀਅਰ ਸੈਂਟਰ ਸਰੀ-ਡੈਲਟਾ ਦਾ ਮਹੀਨਾਵਾਰ ਕਵੀ ਦਰਬਾਰ ਉੱਪਰਲੇ ਹਾਲ ਵਿੱਚ ਠੀਕ 1.00 ਵਜੇ ਪ੍ਰਧਾਨ : ਅਵਤਾਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਪੂਰੀ ਧੂਮ- ਧਾਮ ਨਾਲ ਸ਼ੁਰੂ ਹੋਇਆ।

ਜਿਨਾਂ ਕਵੀ ਸੱਜਣਾਂ ਅਤੇ ਬੁਲਾਰਿਆਂ ਨੇ ਭਾਗ ਲਿਆ, ਉਹਨਾ ਵਿੱਚ ਗੁਰਮੀਤ ਸਿੰਘ ਕਾਲਕਟ, ਗੁਰਚਰਨ ਸਿੰਘ ਬਰਾੜ, ਸਵਰਨ ਸਿੰਘ ਚਾਹਲ, ਪ੍ਰਿੰਸੀਪਲ ਮੇਜਰ ਸਿੰਘ ਜੱਸੀ, ਗੁਰਦਿਆਲ ਸਿੰਘ ਜੌਹਲ, ਪ੍ਰਿ; ਮਲੂਕ ਚੰਦ ਕਲੇਰ, ਜੀਤ ਮਹਿਰਾ, ਕ੍ਰਿਪਾਲ ਸਿੰਘ ਜੌਹਲ, ਸਵਰਨਜੀਤ ਸਿੰਘ ਸੰਧੂ, ਪਵਨ ਕੁਮਾਰ ਭੰਮੀਆ, ਇੰਦਰਜੀਤ ਸਿੰਘ ਧਾਮੀ, ਪ੍ਰੋ: ਸ਼ਮੀਰ ਸਿੰਘ, ਸੁਰਜੀਤ ਸਿੰਘ ਗਿੱਲ, ਚਮਕੌਰ ਸਿੰਘ ਸੇਖੋਂ, ਬੇਅੰਤ ਸਿੰਘ ਢਿੱਲੋਂ, ਨਿਰੰਜਨ ਸਿੰਘ ਲੇਹਲ, ਸੁਖਪ੍ਰੀਤ ਸਿੰਘ, ਦਰਸ਼ਨ ਸਿੰਘ ਅਟਵਾਲ, ਅਮਰੀਕ ਸਿੰਘ ਲੇਹਲ, ਦਵਿੰਦਰ ਕੌਰ ਜੌਹਲ, ਬਲਵੀਰ ਸਿੰਘ ਸੰਘਾ, ਹਰਚਰਨ ਸਿੰਘ ਸੰਧੂ, ਰਣਜੀਤ ਸਿੰਘ ਨਿੱਝਰ ਆਦਿ ਕਵੀਆਂ ਨੇ ਖੂਬ ਰੰਗ ਬੰਨੇ। ਸਟੇਜ ਸਕੱਤਰ ਦੀ ਜਿੰਮੇਵਾਰੀ ਹਰਚੰਦ ਸਿੰਘ ਗਿੱਲ ਨੇ ਨਿਭਾਈ।

ਪਹਿਲੀ ਅਕਤੂਬਰ ਨੂੰ ਸੀਨੀਅਰ ਡੇ ਮਨਾਉਂਦਿਆਂ ਜਿਹੜੇ 90 ਸਾਲ ਤੋਂ ਉੱਪਰ ਵਾਲੇ ਦੋ ਮੈਂਬਰ ਸਨਮਾਨਿਤ ਕੀਤੇ ਬਿਨਾ ਰਹਿ ਗਏ ਸਨ, ਉਹਨਾਂ ਵਿਚ ਸ੍ਰ: ਗਿਆਨ ਸਿੰਘ ਢੇਸੀ ਨੂੰ ਸੁਰਜੀਤ ਸਿੰਘ ਗਿੱਲ ਅਤੇ ਸ੍ਰ: ਗੁਰਬੰਸ ਸਿੰਘ ਸੰਧੂ ਨੂੰ ਕ੍ਰਿਪਾਲ ਸਿੰਘ ਜੌਹਲ ਦੇ ਹੱਥੋਂ ਸਨਮਾਨ ਕੀਤਾ ਗਿਆ। ਅੰਤ ਵਿੱਚ ਪ੍ਰਧਾਨ : ਅਵਤਾਰ ਸਿੰਘ ਢਿੱਲੋਂ ਨੇ ਸਾਰਿਆਂ ਦਾ ਧੰਨਵਾਦ ਕੀਤਾ।

# ਬੀ.ਸੀ. ਵਿਧਾਨ ਸਭਾ ਵਿੱਚ ਚੜ੍ਹਦੀ ਕਲਾ ਐਸੋਸੀਏਸ਼ਨ ਨੇ ਕੀਤੀ ਸ਼ਲਾਘਾ



**ਸਰੀ**, (ਹਰਦਮ ਮਾਨ) – ਬ੍ਰਿਟਿਸ਼ ਕੋਲੰਬੀਆ ਦੀ ਰਾਜਧਾਨੀ ਵਿਕਟੋਰੀਆ ਵਿਖੇ ਸਥਿਤ ਵਿਧਾਨ ਸਭਾ ਵਿੱਚ ਚਲਦੇ ਹਾਊਸ ਦੌਰਾਨ ਚੜ੍ਹਦੀ ਕਲਾ ਬ੍ਰਦਰਹੁਡਜ਼ ਵੈਲਫੇਅਰ ਐਸੋਸੀਏਸ਼ਨ ਵੱਲੋਂ ਕੀਤੇ ਜਾ ਰਹੇ ਸਮਾਜਿਕ ਤੇ ਮਨੁੱਖੀ ਭਲਾਈ ਦੇ ਉਪਰਾਲਿਆਂ ਦੀ ਵਿਸ਼ੇਸ਼ ਤੌਰ ‘ਤੇ ਪ੍ਰਸ਼ੰਸਾ ਕੀਤੀ ਗਈ। ਉੱਚ ਸਿੱਖਿਆ ਮੰਤਰੀ ਜੈਸੀ ਸੁੰਨੜ ਨੇ ਹਾਊਸ ਨੂੰ ਸੰਬੋਧਨ ਕਰਦਿਆਂ ਐਸੋਸੀਏਸ਼ਨ ਵੱਲੋਂ ਡਾਇਰੈਕਟਰ ਜਸਵਿੰਦਰ ਸਿੰਘ ਦਿਲਾਵਰੀ ਦੀ ਅਗਵਾਈ ਹੇਠ ਸਮਾਜਿਕ ਸੇਵਾ ਦੇ ਖੇਤਰ ਵਿੱਚ ਕੀਤੇ ਜਾ ਰਹੇ ਲੜੀਵਾਰ ਯਤਨਾਂ ਦਾ ਵਿਸਥਾਰ ਵਿਚ ਜ਼ਿਕਰ ਕੀਤਾ। ਉਨ੍ਹਾਂ ਨੇ ਕਿਹਾ ਕਿ ਇਹ ਸੰਸਥਾ ਸਥਾਨਕ ਪੱਧਰ ‘ਤੇ ਮਨੁੱਖਤਾ ਦੀ ਸੇਵਾ ਦੇ ਨਵੇਂ ਮਾਪਦੰਡ ਸਥਾਪਤ ਕਰ ਰਹੀ ਹੈ।

ਇਸ ਮੌਕੇ ਵਿਧਾਇਕ ਬਰਾਇਨ ਟੈਪਰ ਨੇ ਐਸੋਸੀਏਸ਼ਨ ਦੇ ਉਪਰਾਲਿਆਂ ਦੀ ਖੁੱਲ੍ਹ ਕੇ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਸੰਸਥਾ ਵੱਨੋਂ ਪੰਜਾਬ ਦੇ ਹੜ ਪੀੜਤਾਂ ਦੀ ਸਹਾਇਤਾ ਲਈ 12 ਹਜ਼ਾਰ ਡਾਲਰ ਦੀ ਰਕਮ ਭੇਜਣਾ, ਖੂਨਦਾਨ ਕੈਂਪ, ਸਫਾਈ ਮੁਹਿੰਮਾਂ ਅਤੇ ਬੀਸੀ ਚਿਲਡਰਨ ਹਸਪਤਾਲ ਲਈ ਖਿਡੌਣਿਆਂ ਦਾ ਦਾਨ ਕਰਨਾ – ਇਹ ਸਾਰੇ ਕਦਮ ਐਸੋਸੀਏਸ਼ਨ ਦੀ ਸਮਰਪਿਤ ਭਾਵਨਾ ਦੇ ਪ੍ਰਤੀਕ ਹਨ।

ਇਸ ਮੌਕੇ ਐਸੋਸੀਏਸ਼ਨ ਦੇ ਸਰਗਰਮ ਮੈਂਬਰ ਐਡਵੋਕੇਟ ਅਵਤਾਰ ਸਿੰਘ ਧਨੋਆ, ਹਰਪ੍ਰੀਤ ਸਿੰਘ ਮਾਨਕਟਲਾ, ਮਲਕੀਤ ਸਿੰਘ ਢੱਡੇ ਅਤੇ ਦਮਨਜੀਤ ਸਿੰਘ ਬਾਸੀ ਮੌਜੂਦ ਸਨ। ਮਾਈਨਿੰਗ ਮੰਤਰੀ ਜਗਰੂਪ ਸਿੰਘ ਬਰਾੜ ਵੱਲੋਂ ਐਸੋਸੀਏਸ਼ਨ ਦੇ ਮੈਂਬਰਾਂ ਦੇ ਸਨਮਾਨ ਵਿੱਚ ਇੱਕ ਚਾਹ ਪਾਰਟੀ ਦਿੱਤੀ ਗਈ। ਬਰਾੜ ਨੇ ਐਸੋਸੀਏਸ਼ਨ ਦੀ ਸਮਾਜ ਸੇਵਾ ਪ੍ਰਤੀ ਨਿਸ਼ਕਾਮ ਭਾਵਨਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੇ ਉਪਰਾਲੇ ਸਮਾਜਿਕ ਏਕਤਾ ਤੇ ਭਲਾਈ ਲਈ ਪ੍ਰੇਰਣਾਦਾਇਕ ਉਦਾਹਰਣ ਹਨ।


ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ

Transparent IMMIGRATION SERVICES INC

- Visitor Visa/Extension
- Super Visa
- Study Permit/ PGWP
- LMIA
- Work Permit
- Spousal Sponsorship
- Express Entry Application
- PR Application/Renewal
- Citizenship Application
- Family Sponsorship

Maninder Kaur (RCIC)

For more information Contact 778-951-8252

#219, 7928-128 St. Surrey, British Columbia, V3W 4E8

Email: info@transparentimmigration.com



CONNECT INSURANCE BROKERS INC.

ਸੁਪਰ ਵੀਜ਼ਾ ਇੰਸ਼ੋਰੈਂਸ

Autoplan [ Home [ Travel

Mortgage [ Tenant

Call Now:

604.553.6616

165-23233 Gilley Road

Richmond, BC V6V 1E6




WCC WESTERN COMMUNITY COLLEGE

REGISTERED MASSAGE THERAPIST

PROGRAM

START YOUR **RMT JOURNEY**

Gain hands-on training, in-depth knowledge, and clinical experience to become a licensed massage therapist in BC. Our RMT program prepares you for CCOA board exams and a successful career in healthcare.

**FLEXIBLE** SCHEDULES

**FINANCIAL AID** AVAILABLE

**97%** **GRADUATE** EMPLOYMENT RATE

**$80*** **HOURLY WAGE** AVERAGE

SURREY CAMPUS | 604.594.3500 | WCC.CA/RMT

# ਕੈਨੇਡਾ 'ਚ ਰੰਗ-ਬਿਰੰਗੇ ਮੌਸਮ ਦੇ ਹਨ ਵਿਲੱਖਣ ਨਜ਼ਾਰੇ

SA
MEDIA GROUP

ਪੰਜਾਬੀ ਜਰਨਲ
DELTA OFFICE:
#3 7953 120 St. Delta
BC., V4C 6P6
Ph : 604-312-5678
EMAIL:
punjabijournal@gmail.com
connect@asianjournal.ca

The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**

RETURN UNDELIVERABLE TO CIRCULATION WING
SA MEDIA GROUP
14308 62nd Ave.,
Surrey BC, V3S 0K5
PUBLICATION MAIL
Contract/Agreement
# is 41798524

1520799 BC Ltd
SA Media Group
(Punjabi Journal)
is not responsible or legally liable for any matter or typing mistake.

**Managing Director**
**SAHEBJIT SINGH RANDHAWA**

**For Advertising**
**Call 604-312-5678**

**Graphic Designer**
**Ashu Kashyap**

ਭਾਰਤ ਵਾਂਗ ਕੈਨੇਡਾ 'ਚ ਵੀ ਚਾਰ ਰੁੱਤਾਂ ਹੁੰਦੀਆਂ ਹਨ। ਇਨ੍ਹਾਂ ਨੂੰ ਆਕਾਸ਼ 'ਚ ਸੂਰਜ ਦੀ ਗਤੀ ਮੁਤਾਬਿਕ ਪਰਿਭਾਸ਼ਤ ਕੀਤਾ ਜਾਂਦਾ ਹੈ। ਉੱਤਰੀ ਅਰਧਗੋਲੇ ਵਿਚ ਬਸੰਤ ਉਦੋਂ ਸ਼ੁਰੂ ਹੁੰਦੀ ਹੈ, ਜਦੋਂ ਸੂਰਜ ਦੱਖਣ ਤੋਂ ਉੱਤਰ ਵੱਲ ਚੱਲਦਾ ਸਿੱਧਾ ਭੂ-ਮੱਧ ਰੇਖਾ ਉੱਪਰ ਹੁੰਦਾ ਹੈ। ਗਰਮੀ ਉਦੋਂ ਸ਼ੁਰੂ ਹੁੰਦੀ ਹੈ, ਜਦੋਂ ਸੂਰਜ ਉੱਤਰ ਦਿਸ਼ਾ ਵਿਚ ਵੱਧ ਤੋਂ ਵੱਧ ਦੂਰੀ 'ਤੇ ਹੁੰਦਾ ਹੈ। ਪੱਤਝੜ ਉਦੋਂ ਸ਼ੁਰੂ ਹੁੰਦੀ ਹੈ, ਜਦੋਂ ਸੂਰਜ ਉੱਤਰ ਤੋਂ ਦੱਖਣ ਵੱਲ ਚੱਲਦਾ ਸਿੱਧਾ ਭੂ-ਮੱਧ ਰੇਖਾ ਉੱਪਰ ਹੁੰਦਾ ਹੈ। ਸਰਦੀ ਉਦੋਂ ਸ਼ੁਰੂ ਹੁੰਦੀ ਹੈ, ਜਦੋਂ ਸੂਰਜ ਦੱਖਣ ਦਿਸ਼ਾ ਵਿਚ ਵੱਧ ਤੋਂ ਵੱਧ ਦੂਰੀ 'ਤੇ ਹੁੰਦਾ ਹੈ।

ਕੈਨੇਡਾ 'ਚ ਨਵੇਂ ਆਉਣ ਵਾਲੇ ਲੋਕ ਮਨ 'ਚ ਇੱਕੋ ਧਾਰਨਾ ਲੈ ਕੇ ਆਉਂਦੇ ਹਨ ਕਿ ਉਥੇ ਤਾਂ ਹਰ ਸਮੇਂ ਕਾਂਬਾ ਛੇੜਨ ਵਾਲੀ ਠੰਢ ਪੈਂਦੀ ਹੈ। ਬਰਫ਼ ਘਰਾਂ ਨੂੰ ਚੁਫੇਰਿਓਂ ਘੇਰੀ ਰੱਖਦੀ ਹੈ। ਇਹ ਬਿਲਕੁਲ ਗ਼ਲਤ ਧਾਰਨਾ ਹੈ। ਇਹ ਕਾਫ਼ੀ ਵੱਡਾ ਮੁਲਕ ਹੈ, ਜੋ ਪੰਜ ਟਾਈਮ ਜ਼ੋਨਾਂ ਵਿਚ ਵੰਡਿਆ ਹੋਇਆ ਹੈ। ਇਸ ਦੇ ਘੁੱਗ ਵੱਸਦੇ ਸੂਬੇ : ਓਂਟਾਰੀਓ, ਕਿਊਬੈਕ, ਅਲਬਰਟਾ, ਨੋਵਾ ਸਕੋਸ਼ੀਆ, ਬ੍ਰਿਟਿਸ਼ ਕੋਲੰਬੀਆ ਹਨ। ਇਨ੍ਹਾਂ ਸਭਨਾਂ 'ਚ ਵਿਚ ਚਾਰ ਰੁੱਤਾਂ ਆਉਂਦੀਆਂ ਹਨ। ਹਰ ਪ੍ਰੋਵਿੰਸ 'ਚ ਰੁੱਤਾਂ ਦਾ ਆਪੋ ਆਪਣਾ ਮੌਸਮ ਤੇ ਅੰਦਾਜ਼ ਹੁੰਦਾ ਹੈ।

**ਪੱਤਝੜ ਦੀ ਸ਼ੁਰੂਆਤ:**

23 ਸਤੰਬਰ 2025 ਨੂੰ ਜਦੋਂ ਪੂਰੇ ਸੰਸਾਰ ਅੰਦਰ ਸਾਲ ਦੌਰਾਨ ਰਾਤ ਤੇ ਦਿਨ ਤਕਰੀਬਨ ਇੱਕੋ ਜਿੰਨੇ ਲੰਬੇ ਮੰਨੇ ਜਾਂਦੇ ਹਨ, ਉੱਤਰੀ ਗੋਲਾਅਰਧ ਅੰਦਰ ਇਸ ਨੂੰ ਪੱਤਝੜ ਦਾ ਸ਼ੁਰੂਆਤੀ ਦਿਨ ਮੰਨਿਆ ਜਾਂਦਾ ਹੈ। ਹਰ ਸਾਲ ਇਸ ਤਾਰੀਕ ਵਿਚ ਇਕ-ਅੱਧੇ ਦਿਨ ਦਾ ਵਾਧਾ-ਘਾਟਾ ਵੀ ਹੁੰਦਾ ਰਹਿੰਦਾ ਹੈ। ਤਿੰਨ ਮਹੀਨੇ ਸਤੰਬਰ, ਅਕਤੂਬਰ, ਨਵੰਬਰ ਪੱਤਝੜ ਦੇ ਹੁੰਦੇ ਹਨ।

**ਕਿਉਂ ਹੈ ਮਨਭਾਉਂਦੀ ਰੁੱਤ ?**

ਕੈਨੇਡਾ ਦੀ ਧਰਤੀ 'ਤੇ ਜਿਸ ਨੇ ਪੱਤਝੜ ਦੇਖੀ ਹੈ, ਉਨ੍ਹਾਂ ਨੂੰ ਪਤਾ ਹੈ ਕਿ ਇਹ ਤਾਂ ਫੁੱਲਾਂ ਦੀ ਰੁੱਤ ਬਹਾਰ ਨੂੰ ਵੀ ਮਾਤ ਪਾ ਜਾਂਦੀ ਹੈ।

ਧਰਤੀ 'ਤੇ ਖੜ੍ਹੇ ਰੁੱਖ ਰੰਗ-ਬਿਰੰਗੇ ਡਿੱਗਦੇ ਪੱਤਿਆਂ ਨਾਲ ਨ੍ਰਿਤ ਕਰਦੇ ਨਜ਼ਰ ਆਉਂਦੇ ਹਨ। ਹਵਾਵਾਂ ਰੁੱਖਾਂ ਤੋਂ ਪੱਤੇ ਖੋਹ ਕੇ ਧਰਤੀ ਦੀ ਵਿਸ਼ਾਲ ਕੈਨਵਸ 'ਤੇ ਪੱਤਿਆਂ ਦੀ ਚਿੱਤਰਕਾਰੀ ਕਰਦੀਆਂ ਹਨ।



**ਪੱਤਿਆਂ ਦੇ ਬਦਲਦੇ ਰੰਗ:**

ਇਸ ਰੁੱਤੇ ਰੁੱਖਾਂ ਦੇ ਪੱਤੇ ਵੰਨ-ਸੁਵੰਨੇ ਰੰਗ ਬਦਲਦੇ ਹਨ। ਹਰੇ ਪੱਤੇ, ਸੋਨ ਸੁਨਹਿਰੀ ਭਾਅ ਮਾਰਦੇ ਲਾਲ ਹੋ ਜਾਂਦੇ ਹਨ, ਫਿਰ ਨਾਰੰਗੀ ਹੋ ਜਾਂਦੇ ਹਨ। ਰੁੱਖਾਂ ਤੋਂ ਪੱਤੇ ਮੀਂਹ ਵਾਂਗ ਡਿੱਗਦੇ ਧਰਤੀ ਉੱਤੇ ਰੰਗੀਲੀ ਚਾਦਰ ਵਿਛਾ ਜਾਂਦੇ ਹਨ। ਲੋਕ ਕਈ ਖ਼ਾਸ ਥਾਵਾਂ 'ਤੇ ਡਿੱਗਦੇ ਰੰਗਦਾਰ ਪੱਤਿਆਂ ਦਾ ਨਜ਼ਾਰਾ ਦੇਖਣ ਲਈ ਟੂਰ 'ਤੇ ਜਾਂਦੇ ਹਨ। ਉਨ੍ਹਾਂ ਥਾਵਾਂ 'ਤੇ ਚਿੱਤਰਕਾਰ ਲੈਂਡ ਸਕੈਪ ਤਿਆਰ ਕਰਦੇ ਹਨ।

**ਪੰਪਕਿਨ ਦੀ ਮਹੱਤਤਾ:**

ਕੈਨੇਡਾ ਵਿਚ ਇਹ ਮਨੌਤ ਹੈ ਕਿ ਜੇ ਤੁਹਾਡੇ ਕੋਲ ਪੇਠਾ ਕੱਦੂ ਜਾਂ ਪੰਪਕਿਨ ਹੈ ਤਾਂ ਤੁਸੀਂ ਖ਼ੁਸ਼ਕਿਸਮਤ ਹੋ।

ਪੱਤਝੜ 'ਚ ਪੇਠੇ ਦਾ ਸੁਆਦ ਕਿੰਨੇ ਤਰੀਕਿਆਂ ਨਾਲ ਚਖਿਆ ਜਾ ਸਕਦਾ ਹੈ। ਪੰਪਕਿਨ ਪਾਈ, ਪੰਪਕਿਨ ਨਾਨ/ਰੋਟੀ, ਬਰੈੱਡ, ਪੰਪਕਿਨ ਮਸਾਲੇਦਾਰ ਕੌਫੀ, ਚਾਹ ਆਮ ਮੁਹੱਈਆ ਹੁੰਦੀ ਹੈ। ਲੋਕ ਪੱਤਝੜ ਦੇ ਮਹੀਨਿਆਂ ਵਿਚ ਉਪਰੋਕਤ ਚੀਜ਼ਾਂ ਨੂੰ ਖਾਣਾ ਪਸੰਦ ਕਰਦੇ ਹਨ। ਇਹ ਮੌਸਮ ਖ਼ਤਮ ਹੋਣ ਤੋਂ ਪਹਿਲਾਂ-ਪਹਿਲਾਂ ਤੁਸੀਂ ਵੀ ਇਨ੍ਹਾਂ ਖਾਣ ਵਾਲੇ ਪਕਵਾਨਾਂ ਦਾ ਆਨੰਦ ਜ਼ਰੂਰ ਮਾਣ ਸਕਦੇ ਹੋ।

**ਸੁਆਦੀ ਮਠਿਆਈਆਂ:**

ਪੱਤਝੜ ਵਿਚ ਮਠਿਆਈਆਂ, ਸੁੱਕੇ ਮੇਵੇ, ਫਲਾਂ ਆਦਿ ਲਈ ਸਭ ਤੋਂ ਢੁੱਕਵਾਂ ਮੌਸਮ ਹੁੰਦਾ ਹੈ। ਇਸ ਮੌਸਮ ਵਿੱਚ ਕੈਰੇਮਲ ਸੇਬ, ਟੌਫੀਆਂ, ਕੈਂਡੀਆਂ, ਪੇਠਾ ਪਾਈ, ਸੇਬ ਪਾਈ, ਪੇਕਨ ਪਾਈ ਚੋਖੀ ਮਾਤਰਾ ਵਿਚ ਮਿਲ ਜਾਂਦੀਆਂ ਹਨ। ਇਸ ਵਾਰ ਜੇ ਕੈਨੇਡਾ ਵਿਚ ਤੁਸੀਂ ਪੇਠਾ ਪਾਈ ਖਾਣ ਲੱਗੇ ਹੋ ਤਾਂ ਕੋਰੜੇ ਦੀ ਕਰੀਮ (whipped cream) ਲੈਣੀ ਜ਼ਰੂਰ ਯਾਦ ਰੱਖਿਓ, ਬੜਾ ਸੁਆਦ ਆਵੇਗਾ।

**ਠੰਢਕ ਦਾ ਅਹਿਸਾਸ:**

ਤੀਬਰ ਗਰਮੀ ਪਿੱਛੋਂ ਪੱਤਝੜ ਜੀਕੂੰ ਠੰਢਕ ਦਾ ਅਹਿਸਾਸ ਲੈ ਕੇ ਆਉਂਦੀ ਹੈ। ਨਿੱਘੇ ਦਿਨ ਤੇ ਨਿੱਘੀਆਂ ਰਾਤਾਂ, ਠੰਢੀ ਪੌਣ ਦੇ ਬੁੱਲ੍ਹੇ ਦਰਵਾਜ਼ੇ 'ਤੇ ਦਸਤਕ ਦਿੰਦੇ ਹਨ। ਖਿੜਕੀਆਂ ਖੁੱਲ੍ਹੀਆਂ ਰੱਖਣ ਨੂੰ ਦਿਲ ਕਰਦਾ ਹੈ। ਪੌਣ ਮੁਹੱਬਤੀਆਂ ਵਾਂਗ ਗਲਵੱਕੜੀ ਪਾਉਂਦੀ ਹੈ।

**ਬਿਹਤਰ ਫ਼ੈਸ਼ਨ:**

ਪੱਤਝੜ ਨਾਲ ਨਵੀਆਂ ਜੈਕੇਟਾਂ, ਬੂਟ, ਸ਼ੌਰਟਸ, ਨਵੀਂ ਡਰੈੱਸ, ਮਜ਼ੇਦਾਰ ਫਲਿਪ ਫਲੌਪ ਬੜੇ ਪਸੰਦ ਕੀਤੇ ਜਾਂਦੇ ਹਨ। ਫਾਇਰ ਪਿਟਸ ਲੈਣ ਦਾ ਇਹ ਬੜਾ ਢੁੱਕਵਾਂ ਸਮਾਂ ਮੰਨਿਆਂ ਜਾਂਦਾ ਹੈ।

**ਕਲਾ ਤੇ ਸ਼ਿਲਪਕਾਰੀ:**

ਭਾਵੇਂ ਤੁਸੀਂ ਹੈਲੋਵਿਨ ਦੀ ਨਿਕਾਸੀ ਕਰ ਰਹੇ ਹੋ ਜਾਂ ਡਿਆਡੋ ਲੋਸ ਮੁਰਟੋਸ ਲਈ 'ਖੋਪੜੀ' ਤਿਆਰ ਕਰ ਰਹੇ ਹੋ। ਥੈਂਕਸ ਗਿਵਿੰਗ ਲਈ 'ਕੋਰਨੋਕੋਪੀਆ' ਭਰ ਰਹੇ ਹੋ।

ਪੱਤਝੜ 'ਚ ਬੱਚਿਆਂ ਅਤੇ ਬਾਲਗਾਂ ਲਈ ਬਹੁਤ ਸਾਰੀਆਂ ਸ਼ਿਲਪਕਾਰੀਆਂ ਦਾ ਸਾਮਾਨ ਮਾਰਕਿਟ ਵਿੱਚ ਸੌਖਿਆਂ ਹੀ ਉਪਲੱਬਧ ਹੋ ਜਾਂਦਾ ਹੈ। ਬੱਚੇ ਇਨ੍ਹਾਂ ਸ਼ਿਲਪਕਾਰੀਆਂ ਵਿਚ ਚੋਖਾ ਸਮਾਂ ਬਤੀਤ ਕਰਦੇ ਹਨ। ਸਕੂਲ ਵੀ ਬੱਚਿਆਂ ਨੂੰ ਕਲਾਕ੍ਰਿਤੀਆਂ ਵੱਲ ਰੁੱਝੇ ਰਹਿਣ ਨੂੰ ਉਤਸ਼ਾਹਿਤ ਕਰਦੇ ਹਨ।

**ਛੁੱਟੀਆਂ ਦੀ ਭਰਮਾਰ:**

ਵਿਸ਼ਵ ਭਰ ਵਿਚ ਪੱਤਝੜ ਦੇ ਮੌਸਮ 'ਚ ਛੁੱਟੀਆਂ ਵੱਡੀ ਗਿਣਤੀ ਵਿੱਚ ਹੁੰਦੀਆਂ ਹਨ। ਇਸ ਮੌਸਮ ਦੌਰਾਨ ਅਕਤੂਬਰ ਦੇ ਅਖ਼ੀਰਲੇ ਦਿਨ ਹੈਲੋਵਿਨ, ਥੈਂਕਸ ਗਿਵਿੰਗ, ਡਿਆਡੋ ਲੋਸ ਮੁਰਟੋਸ ਜਿਹੇ ਤਿਉਹਾਰ ਹੁੰਦੇ ਹਨ।

ਸੁਆਦਲੇ ਖਾਣੇ, ਬਹੁਰੰਗੇ ਕੱਪੜੇ, ਪਹਿਰਾਵੇ, ਫੰਕਸ਼ਨ, ਕਸਟਿਊਮ ਪਾਰਟੀਆਂ, ਫਿਲਮ ਸ਼ੋਅ, ਟਰਿੱਕ, ਮਸਤੀਆਂ ਅਤੇ ਸ਼ਰਾਰਤਾਂ ਇਸੇ ਮੌਸਮ ਵਿਚ ਹੁੰਦੀਆਂ ਹਨ। ਹੈਲੋਵਿਨ ਮੁਰਦਾ ਰੂਹਾਂ ਦਾ ਤਿਉਹਾਰ ਹੈ। ਇਸ ਦਿਨ ਬੱਚੇ ਪੰਜਾਬ ਵਿਚ ਲੋਹੜੀ ਦੇ ਤਿਉਹਾਰ ਵਾਂਗ ਘਰ-ਘਰ ਕੈਂਡੀਆਂ, ਚਾਕਲੇਟ, ਟਾਫ਼ੀਆਂ, ਸਵੀਟਸ ਆਦਿ ਮੰਗਣ ਜਾਂਦੇ ਹਨ। ਲੋਕਾਂ ਵਿਚ ਬੱਚਿਆਂ ਨੂੰ ਕੈਂਡੀਆਂ ਵੰਡਣ ਦੀ ਬੜਾ ਜੋਸ਼ ਹੁੰਦਾ ਹੈ।

**ਪੱਤਝੜ ਤੇ ਪੇਂਟਿੰਗਾਂ:**

'ਔਟਮ ਡੇਅ' ਆਇਲ ਪੇਂਟਿੰਗ ਵੈਨਕੂਬਰ, ਬ੍ਰਿਟਿਸ਼ ਕੋਲੰਬੀਆ ਨਾਲ ਸਬੰਧਿਤ ਕੈਨੇਡੀਅਨ ਚਿੱਤਰਕਾਰ ਪੌਲ ਚੀਜ਼ਿਕ ਦੀ ਤਿਆਰ ਕੀਤੀ ਲੈਂਡ ਸਕੈਪ ਅਧੁਨਿਕ ਕਲਾ ਦੀ ਸੁੰਦਰ ਪੇਸ਼ਕਾਰੀ ਹੈ। ਡ੍ਰਾਨ ਨੇ ਪੱਤਿਆਂ ਦੀ ਵਰਤੋਂ ਕਰ ਕੇ ਆਰਟ ਦੀ ਨਵੀਂ ਤਕਨੀਕ ਲੱਭੀ ਹੈ।

ਪ੍ਰਕਿਰਤੀ ਅਤੇ ਜਨੂੰਨ ਉਸ ਦੀਆਂ ਪੇਂਟਿੰਗਾਂ ਵਿੱਚੋਂ ਸਾਫ਼ ਦਿਸਦਾ ਹੈ। ਲੋਰੈਂਜ਼ੋ ਨੇ ਪੱਤਿਆਂ ਨੂੰ ਕੱਟ ਕੇ ਖ਼ੂਬਸੂਰਤ ਗੁੰਝਲਦਾਰ ਆਰਟ ਕੰਮ ਕੀਤਾ ਹੈ। ਐਂਡੀ ਗੋਲਡਸਵਰਦੀ ਨੇ ਕੁਦਰਤੀ ਤੱਤਾਂ ਜਿਵੇਂ ਟਹਿਣੀਆਂ, ਪੱਤੇ, ਪੱਥਰ, ਬਰਫ਼, ਕਾਨੇ, ਕੰਡੇ ਮਿਲਾ ਕੇ ਚਿੱਤਰ ਕਲਾ ਦਾ ਨਵਾਂ ਤਰੀਕਾ ਬਾਖ਼ੂਬੀ ਪੇਸ਼ ਕੀਤਾ ਹੈ। ਪੱਤੇ ਜਣਨ ਤੇ ਵਾਧੇ ਦੇ ਪ੍ਰਤੀਕ ਹਨ। ਨੈਨਸੀ ਅਜ਼ਾਰਾ ਪੱਤਿਆਂ ਦੀ ਪ੍ਰਿੰਟਿੰਗ ਲਈ ਪ੍ਰਸਿੱਧ ਹੈ। ਚਿੱਤਰਕਾਰ ਅੰਸਲ ਐਡਮਜ਼, ਐਲਬਰਟ ਬਾਇਰਸਟੈਟ ਸੈਲੀਮਾਨ, ਕਲਾਊਡਮੋਨੈਟ ਕੁਦਰਤ ਨੂੰ ਚਿਤਰਨ ਵਾਲੇ ਮਕਬੂਲ ਚਿੱਤਰਕਾਰ ਹਨ।

**ਇਮੋਜ਼ੀ:**

ਇਮੋਜ਼ੀ ਵਿਚ ਵੀ 'ਫਾਲਿੰਗ ਲੀਫ' ਇਮੋਜ਼ੀ ਦਾ ਚਿੰਨ੍ਹ ਵਰਤਿਆ ਜਾਂਦਾ ਹੈ। ਇਹ ਪੱਤਝੜੀ ਪੱਤਾ ਹੈ, ਜਿਸ ਦਾ ਰੰਗ ਬਦਲਿਆ ਹੋਇਆ ਹੈ। ਰੁੱਖ ਤੋਂ ਟੁੱਟ ਕੇ ਧਰਤੀ ਉੱਤੇ ਡਿੱਗਿਆ ਪਿਆ ਹੈ। ਅਧਿਆਤਮਿਕ ਲੋਕ ਪੱਤਝੜ ਦੇ ਪੱਤੇ ਨੂੰ ਵਿਕਾਸ ਅਤੇ ਪੁਨਰਜਨਮ ਦਾ ਪ੍ਰਤੀਕ ਮੰਨਦੇ ਹਨ। ਮੈਪਲ ਰੁੱਖ ਦਾ ਪੱਤਾ ਪਿਆਰ, ਸੰਤੁਲਨ, ਲੰਬੀ ਉਮਰ ਅਤੇ ਬਰਕਤਾਂ ਦਾ ਪ੍ਰਤੀਕ ਹੈ। ਪੱਤਝੜ ਦੌਰਾਨ ਸਭ ਤੋਂ ਸੋਹਣੇ ਰੰਗ ਸ਼ੂਗਰ ਮੈਪਲ ਦੇ ਪੱਤਿਆਂ ਦੇ ਹੁੰਦੇ ਹਨ। ਇਹ ਪੱਤੇ ਲਾਲ, ਸੰਤਰੀ, ਪੀਲੇ ਰੰਗਾਂ 'ਚ ਦਿਲ ਨੂੰ ਮੋਹ ਲੈਂਦੇ ਹਨ।

**ਦੇਖਣ ਵਾਲੀਆਂ ਥਾਵਾਂ:**

ਪੱਤਝੜ ਦੌਰਾਨ ਰੰਗਾਂ ਦੀ ਬਰਸਾਤ ਦਾ ਨਜ਼ਾਰਾ ਦੇਖਣ ਲਈ ਲੋਕ ਕੈਨੇਡਾ ਦੀਆਂ ਬੜੀਆਂ ਰੰਗੀਨ ਥਾਵਾਂ 'ਤੇ ਸੈਰ-ਸਪਾਟੇ ਲਈ ਜਾਂਦੇ ਹਨ। ਦੇਖਣਯੋਗ ਥਾਵਾਂ ਵਿਚ ਮਾਂਟਰੀਅਲ, ਕਿਊਬੈਕ, ਹਜ਼ਾਰਾਂ ਆਈਲੈਂਡ, ਓਂਟਾਰੀਓ, ਨਿਆਗਰਾ ਫਾਲਜ਼, ਬੈਂਫ ਨੈਸ਼ਨਲ ਪਾਰਕ, ਐਲਬਰਟਾ, ਵੈਨਕੂਬਰ, ਬ੍ਰਿਟਿਸ਼ ਕੋਲੰਬੀਆ, ਓਕਾਂਗਨ ਘਾਟੀ, ਪਰਕ ਓਮੇਗਾ ਆਦਿ ਪ੍ਰਮੁੱਖ ਹਨ।

**- ਹਰੀ ਕ੍ਰਿਸ਼ਨ ਮਾਇਰ**

# ਪੈਸੇ ਦੀ ਭੁੱਖ ਨੇ ਮਨੁੱਖ ਨੂੰ ਬੌਧਿਕ ਕੰਗਾਲੀ ਵੱਲ ਧੱਕਿਆ



ਜੀਵਨ ਦੇ ਰਾਹਾਂ 'ਤੇ ਵਿਚਰਦਿਆਂ ਦੇਖਦੇ ਹਾਂ ਕਿ ਹਰ ਕਿਸੇ ਦੀ ਜੀਵਨ-ਤੋਰ ਵੱਖਰੀ ਤੇ ਵਿਲੱਖਣ ਹੈ। ਕੁਝ ਲੋਕ ਪੈਸਾ ਤੇ ਹੋਰ ਪਦਾਰਥਕ ਵਸਤਾਂ ਵਿੱਚੋਂ ਹੀ ਜ਼ਿੰਦਗੀ ਲੱਭਦੇ ਹਨ ਤੇ ਕੁਝ ਲੋਕ ਅਜਿਹੇ ਵੀ ਹਨ, ਜਿਹੜੇ ਆਰਥਿਕ ਰੂਪ 'ਚ ਤਾਂ ਭਾਵੇਂ ਬਹੁਤ ਪੱਛੜੇ ਹੋਏ ਹੋਣ ਪਰ ਸਬਰ ਤੇ ਸੰਤੋਖ ਨਾਲ ਵਰਸਾਏ ਅਜਿਹੇ ਲੋਕਾਂ ਦੇ ਚਿਹਰੇ ਤੋਂ ਜੀਵਨ ਦੀ ਖ਼ੁਸ਼ੀ ਸਪੱਸ਼ਟ ਦਿਖਾਈ ਦਿੰਦੀ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਪੈਸਾ ਜ਼ਿੰਦਗੀ ਦੀ ਲੋੜ ਹੈ ਪਰ ਪੈਸਾ ਕਿਸੇ ਤਰ੍ਹਾਂ ਵੀ ਜ਼ਿੰਦਗੀ ਨਹੀਂ ਹੈ। ਸਾਦਗੀ ਤੇ ਸਹਿਜ ਰੂਪ 'ਚ ਜੀਵਨ ਜਿਊਣਾ ਵਿਰਲੇ ਲੋਕਾਂ ਦੇ ਹੀ ਹਿੱਸੇ ਆਉਂਦਾ ਹੈ। ਸਮਾਜ ਦੇ ਵੱਡੀ ਗਿਣਤੀ ਲੋਕ ਦਿਖਾਵੇ ਦੇ ਭਰਮਜਾਲ ਤੇ ਚਕਾਚੌਂਧ 'ਚ ਪੈ ਕੇ ਅਜਿਹਾ ਜੀਵਨ ਜਿਊਣ ਦੀ ਤਾਂਘ ਵਿਚ ਵਿਚਰਦੇ ਹਨ ਕਿ ਉਹ ਦੂਜਿਆਂ ਤੋਂ ਬਿਲਕੁਲ ਵੱਖਰੇ ਜਾਪਣ। ਪਾਣੀ ਵਾਂਗ ਪੈਸਾ ਵਹਾ ਕੇ ਆਪਣੀ ਹਉਮੈ ਨੂੰ ਹੀ ਪੱਠੇ ਪਾਉਣੇ ਅਜਿਹੇ ਲੋਕਾਂ ਦੀ ਮਾਨਸਿਕਤਾ ਦਾ ਹਿੱਸਾ ਬਣ ਜਾਂਦਾ ਹੈ।

**ਲੋਪ ਹੋਈ ਸਾਦਗੀ:**

ਅਜੋਕੇ ਸਮੇਂ ਵਿਚ ਜੀਵਨ ਵਿੱਚੋਂ ਸਾਦਗੀ ਲਗਾਤਾਰ ਲੋਪ ਹੁੰਦੀ ਜਾ ਰਹੀ ਹੇ। ਸਾਦਾ ਜੀਵਨ ਤੇ ਉੱਚੀ ਸੋਚ ਦਾ ਮੁਹਾਵਰਾ ਤਾਂ ਜਿਵੇਂ ਸਮਿਆਂ ਦੀ ਧੂੜ ਵਿਚ ਹੀ ਕਿਤੇ ਗੁਆਚ ਗਿਆ ਹੈ। ਬਿਨਾਂ ਸ਼ੱਕ ਸਮੇਂ ਦੇ ਬਦਲਣ ਨਾਲ ਜੀਵਨ ਜਾਚ ਦੇ ਢੰਗ ਤਰੀਕੇ ਵੀ ਬਦਲ ਜਾਂਦੇ ਹਨ। ਜੇ ਮਨੁੱਖ ਦਿਖਾਵੇ ਦੇ ਭਰਮ ਜਾਲ 'ਚ ਫਸ ਕੇ ਅਜਿਹੇ ਜੀਵਨ ਵਿਚ ਖਚਿਤ ਹੋ ਜਾਂਦਾ ਹੈ ਤਾਂ ਇਹ ਸਮਾਜ ਲਈ ਕਿਸੇ ਤਰ੍ਹਾਂ ਵੀ ਲਾਭਕਾਰੀ ਨਹੀਂ ਕਿਹਾ ਜਾ ਸਕਦਾ।

**ਪੈਸਾ ਹੋਇਆ ਭਾਰੂ:**

ਜ਼ਿੰਦਗੀ ਦੀ ਸ਼ਾਨੋ-ਸ਼ੌਕਤ ਤਾਂ ਬਹੁਤ ਉੱਚੀ ਹੋ ਗਈ ਹੈ ਪਰ ਸੋਚਾਂ ਦੀ ਗ਼ਰੀਬੀ ਨੇ ਮਨੁੱਖ ਨੂੰ ਬਹੁਤ ਬੌਨਾ ਕਰ ਦਿੱਤਾ ਹੈ। ਜੀਵਨ ਦੇ ਹਰ ਸਰੋਕਾਰ 'ਤੇ ਪੈਸਾ ਹੀ ਭਾਰੂ ਹੋ ਗਿਆ ਹੈ। ਸਮਾਜ ਵਿਚ ਕਿਸੇ ਮਨੁੱਖ ਦੀ ਪਛਾਣ ਦੌਲਤ, ਜ਼ਮੀਨ-ਜਾਇਦਾਦ, ਕੋਠੀਆਂ ਕਾਰਾਂ ਤੇ ਅਨੇਕਾਂ ਹੋਰ ਪਦਾਰਥਕ ਵਸਤਾਂ ਦੀ ਬਹੁਲਤਾ ਨਾਲ ਹੀ ਆਂਕੀ ਜਾਣ ਦਾ ਰੁਝਾਨ ਭਾਰੂ ਹੈ। ਜ਼ਿੰਦਗੀ ਦੀ ਦੌੜ ਵਿਚ ਇਕ-ਦੂਜੇ ਤੋਂ ਅੱਗੇ ਲੰਘਣ ਦੀ ਕਾਹਲ ਤੇ ਲਾਲਸਾ ਵਿਚ ਮਨੁੱਖ ਇਹ ਵੀ ਭੁੱਲ ਜਾਂਦਾ ਹੈ ਕਿ ਉਹ ਕਈਆਂ ਨੂੰ ਪੈਰਾਂ ਹੇਠ ਲਤਾੜਦਾ, ਦੁੱਖ ਪਹੁੰਚਾਉਂਦਾ ਅੱਗੇ ਵਧੀ ਜਾਂਦਾ ਹੈ। ਬਹੁਤ ਕੁਝ ਪ੍ਰਾਪਤ ਹੋ ਵੀ ਜਾਵੇ ਤਾਂ ਮਨੁੱਖੀ ਮਨ 'ਚ ਹੋਰ ਦੀ ਲਾਲਸਾ ਪੈਦਾ ਹੋ ਜਾਂਦੀ ਹੈ ਤੇ ਉਹ ਆਪਣਾ ਸੁੱਖ-ਆਰਾਮ ਤੇ ਚੈਨ ਵੀ ਖੋਹ ਬਹਿੰਦਾ ਹੈ। ਮਨੁੱਖ ਹਫਿਆ ਹੋਇਆ ਦੌੜਿਆ ਜਾ ਰਿਹਾ ਹੈ ਪਰ ਕਿਤੇ ਵੀ ਪਹੁੰਚ ਨਹੀਂ ਰਿਹਾ।

**ਸਹਿਜਤਾ ਨੂੰ ਕਰ ਦਿੱਤਾ ਭੰਗ:**

ਅਜੋਕੇ ਤੇਜ਼ ਰਫ਼ਤਾਰ ਸਮਿਆਂ 'ਚ ਵੀ ਮਨੁੱਖ ਕੋਲ ਸਮਾਂ ਨਹੀਂ ਹੈ। ਉਹ ਹਰ ਵੇਲੇ ਕਿਸੇ ਤੋੜਾ-ਖੋਹੀ ਵਿਚ ਰੁੱਝਿਆ ਤਣਾਅ ਵਿਚ ਹੀ ਵਿਚਰਦਾ ਨਜ਼ਰ ਆਉਂਦਾ ਹੈ। ਕਿਸੇ ਨਾਲ ਮਿਲ-ਬੈਠ ਕੇ ਦੁੱਖ-ਸੁੱਖ ਸਾਂਝਾ ਕਰਨ ਦੀ ਗੱਲ ਤਾਂ ਛੱਡੋ, ਮਨੁੱਖ ਕੋਲ ਤਾਂ ਆਪਣੇ ਆਪ ਨੂੰ ਮਿਲਣ ਦੀ ਵੀ ਵਿਹਲ ਨਹੀਂ ਹੈ। ਕਿਸੇ ਦੀ ਖ਼ੁਸ਼ੀ-ਗ਼ਮੀ ਵਿਚ ਸ਼ਾਮਿਲ ਹੋਣਾ ਵੀ ਮਹਿਜ਼ ਰਸਮੀ ਤੇ ਮੂੰਹ-ਮੁਲ੍ਹਾਜ਼ੇ ਤਕ ਸੀਮਤ ਹੋ ਗਿਆ ਹੈ। ਆਪਣੇ ਰੁਝੇਵਿਆਂ ਦਾ ਰੋਣਾ ਰੋਂਦਾ ਮਨੁੱਖ ਹਫਿਆ ਹੋਇਆ ਹੀ ਕਿਸੇ ਖ਼ੁਸ਼ੀ/ਗ਼ਮੀ ਵਿਚ ਸ਼ਾਮਿਲ ਹੁੰਦਾ ਹੈ। ਸਹਿਜ ਤੇ ਠਰ੍ਹੰਮਾ ਤਾਂ ਜਿਵੇਂ ਮਨੁੱਖੀ ਜ਼ਿੰਦਗੀ ਵਿੱਚੋਂ ਲੋਪ ਹੀ ਹੋ ਗਿਆ ਹੈ। ਸਹਿਣਸ਼ੀਲਤਾ ਜੀਵਨ ਵਿੱਚੋਂ ਕਿਰ ਜਾਣ ਨਾਲ ਹਰ ਮਨੁੱਖ ਦੂਜੇ ਦੀ ਗੱਲ ਦਾ ਜਵਾਬ ਡਿਓਢਾ ਕਰ ਕੇ ਮੋੜਦਾ ਹੈ। ਗੁੱਸਾ, ਤਲਖ਼ੀ, ਤਣਾਅ, ਨਫ਼ਰਤ, ਹਉਮੈ, ਅਕ੍ਰਿਤਘਣਤਾ ਅਜੋਕੇ ਮਨੁੱਖ ਦੇ ਚਿਹਰੇ 'ਤੇ ਚਿਪਕੇ ਸਪੱਸ਼ਟ ਦਿਖਾਈ ਦਿੰਦੇ ਹਨ। ਜ਼ਮੀਨਾਂ-ਜਾਇਦਾਦਾਂ ਦੇ ਝਗੜੇ ਲਗਾਤਾਰ ਵਿਕਰਾਲ ਰੂਪ ਧਾਰਨ ਕਰਦੇ ਜਾ ਰਹੇ ਹਨ। ਝੂਠ, ਫਰੇਬ, ਧੋਖਾ ਤੇ ਲਾਲਸਾ ਦੇ ਗੂੜ੍ਹੇ ਹੋ ਰਹੇ ਪਰਛਾਵਿਆਂ ਨੇ ਮਨੁੱਖੀ ਮਨ ਦੀ ਸਹਿਜਤਾ ਨੂੰ ਭੰਗ ਕਰ ਦਿੱਤਾ ਹੈ।

**ਸੱਚੀ-ਸੁੱਚੀ ਕਿਰਤ ਦਾ ਦੱਸਿਆ ਰਾਹ:**

ਬਾਬੇ ਨਾਨਕ ਨੇ ਮਨੁੱਖ ਨੂੰ ਸੱਚੀ-ਸੁੱਚੀ ਕਿਰਤ ਦਾ ਰਾਹ ਦੱਸਿਆ ਹੈ ਪਰ ਅਜੋਕੇ ਮਨੁੱਖ ਨੂੰ ਦਸਾਂ-ਨਹੁੰਆਂ ਦੀ ਕਿਰਤ 'ਚ ਵਿਸ਼ਵਾਸ ਹੀ ਨਹੀਂ ਰਿਹਾ। ਮਨੁੱਖ ਨੇ ਆਪਣੀਆਂ ਲਾਲਸਾਵਾਂ ਏਨੀਆਂ ਵਧਾ ਲਈਆਂ ਹਨ ਕਿ ਉਹ ਹੋਰ ਵਸੀਲਿਆਂ ਦੀ ਭਾਲ ਕਰਨ 'ਚ ਲੱਗਿਆ ਰਹਿੰਦਾ ਹੈ। ਉਸ ਦੀ ਮਾਨਸਿਕਤਾ ਵਿਚ ਇਹ ਗੱਲ ਵਸ ਗਈ ਹੈ ਕਿ ਨੇਕ ਤੇ ਇਮਾਨਦਾਰੀ ਦੀ ਕਮਾਈ ਨਾਲ ਉਹ ਜ਼ਿੰਦਗੀ ਜੀਅ ਨਹੀਂ ਸਕਦਾ। ਇਸੇ ਕਾਰਨ ਉਹ ਬਿਨਾਂ ਮਿਹਨਤ ਕੀਤਿਆਂ, ਜਾਇਜ਼/ਨਜਾਇਜ਼ ਢੰਗ ਵਰਤ ਕੇ ਧਨ ਇਕੱਠਾ ਕਰਨ ਦੇ ਰਾਹ ਤੁਰ ਪੈਂਦਾ ਹੈ। ਵੱਡੇ-ਵੱਡੇ ਨੇਤਾ ਤੇ ਅਧਿਕਾਰੀ ਰਿਸ਼ਵਤ ਦੇ ਪੈਸੇ ਨਾਲ ਸ਼ਾਨਦਾਰ ਮਹਿਲਾਂ ਵਿਚ ਵਿਚਰਦੇ ਸ਼ਾਹੀ-ਠਾਠ ਵਾਲੀ ਜ਼ਿੰਦਗੀ ਜਿਉਂਦੇ ਪੈਸਾ ਪਾਣੀ ਵਾਂਗ ਵਹਾਉਂਦੇ ਹਨ। ਅਜੋਕੇ ਸਮਿਆਂ 'ਚ ਪੈਸਾ ਜੀਵਨ ਦਾ ਪੀਰ ਹੀ ਬਣ ਗਿਆ ਹੈ। ਪੈਸੇ ਦੀ ਬਹੁਲਤਾ ਨੇ ਮਨੁੱਖੀ ਮਨ ਦਾ ਸਕੂਨ ਖੋਹ ਲਿਆ ਹੈ।

**ਮਨਫ਼ੀ ਹੋਏ ਮਨੁੱਖੀ ਗੁਣ:**

ਅਸਲ 'ਚ ਸਾਦਗੀ, ਸਹਿਜਤਾ, ਸਵੈਮਾਣ, ਸੁਹਿਰਦਤਾ ਵਰਗੇ ਮਨੁੱਖੀ ਗੁਣ ਲੋਕਾਂ ਦੇ ਜੀਵਨ ਵਿੱਚੋਂ ਮਨਫ਼ੀ ਹੁੰਦੇ ਜਾ ਰਹੇ ਹਨ। ਅਮੀਰ ਤੇ ਧਨਾਢ ਲੋਕਾਂ ਨੇ ਦੋ ਨੰਬਰ ਦੇ ਤਰੀਕਿਆਂ ਨਾਲ ਕਮਾਈ ਦੌਲਤ ਦਾ ਦਿਖਾਵਾ ਕਰਦਿਆਂ ਸਮਾਜ ਵਿਚ ਅਜਿਹੀਆਂ ਪਿਰਤਾਂ ਪਾ ਦਿੱਤੀਆਂ ਹਨ ਕਿ ਪੂਰਾ ਸਮਾਜ ਹੀ ਇਸ ਰਾਹੇ ਤੁਰ ਪਿਆ ਹੈ। ਸੀਮਤ ਸਾਧਨਾਂ ਵਾਲੇ ਮੱਧਵਰਗੀ ਲੋਕ ਵੀ ਵਿਆਹ-ਸ਼ਾਦੀ ਤੇ ਹੋਰ ਸਮਾਜਿਕ ਸਮਾਗਮਾਂ ਸਮੇਂ ਅੱਡੀਆਂ ਚੁੱਕ-ਚੁੱਕ ਕੇ ਫਾਹਾ ਲੈਂਦੇ ਹਨ। ਦਿਖਾਵੇ ਦੀ ਅੰਨ੍ਹੀ ਦੌੜ 'ਚ ਅਜੋਕੇ ਵਿਆਹਾਂ ਵਿਚ ਲੱਖਾਂ ਰੁਪਏ ਕੁਝ ਘੰਟਿਆਂ 'ਚ ਹੀ ਸੁਆਹ ਕਰ ਦਿੱਤੇ ਜਾਣ ਦਾ ਰੁਝਾਨ ਭਾਰੂ ਹੋ ਗਿਆ ਹੈ। ਸਾਧਾਰਨ ਤੇ ਸਾਧਨਹੀਣ ਆਮ ਆਦਮੀ ਦੇ ਮਨ 'ਤੇ ਇਨ੍ਹਾਂ ਗੱਲਾਂ ਦਾ ਬਹੁਤ ਬੁਰਾ ਅਸਰ ਹੁੰਦਾ ਹੈ। ਉਹ ਆਪਣੀ ਗ਼ਰੀਬੀ 'ਤੇ ਝੂਰਦਾ ਬੇਵੱਸੀ 'ਚ ਦਰਦਮਈ ਜੀਵਨ ਹੰਢਾਉਂਦਾ ਹੈ।

**ਦਿਖਾਵੇ ਦੀ ਲਾਲਸਾ:**

ਦਿਖਾਵੇ ਦੇ ਸੱਭਿਆਚਾਰ ਨੇ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਮਲੀਆਮੇਟ ਕਰ ਦਿੱਤਾ ਹੈ। ਇਕ ਪਾਸੇ ਗ਼ਰੀਬੀ, ਭੁੱਖਮਰੀ, ਭਿਆਨਕ ਬਿਮਾਰੀਆਂ ਦੀ ਜਕੜ, ਅਨਪੜ੍ਹਤਾ, ਬੇਰੁਜ਼ਗਾਰੀ ਤੇ ਹੋਰ ਅਨੇਕਾਂ ਦੁਸ਼ਵਾਰੀਆਂ 'ਚ ਲੋਕ ਫਸੇ ਹੋਏ ਹਨ ਤੇ ਦੂਜੇ ਪਾਸੇ ਦੌਲਤਮੰਦ ਧਨਾਢਾਂ ਵੱਲੋਂ ਹਰ ਰੋਜ਼ ਹੀ ਲੱਖਾਂ ਰੁਪਏ ਉਡਾ ਦਿੱਤੇ ਜਾਂਦੇ ਹਨ।

**ਜੀਵਨ ਦੀ ਸਾਰਥਿਕਤਾ:**

ਆਪਣੀ ਹਉਮੈ ਦਾ ਪ੍ਰਗਟਾਵਾ ਕਰਦਿਆਂ ਸ਼ਾਨੋ-ਸ਼ੌਕਤ ਤੇ ਦਿਖਾਵੇ ਦੀ ਲਾਲਸਾ ਕਾਰਨ ਸਿਆਸੀ ਨੇਤਾ, ਧਨਾਢ ਉਦਯੋਗਪਤੀ, ਵੱਡੇ ਸਰਕਾਰੀ ਅਧਿਕਾਰੀ ਤੇ ਹੋਰ ਸਰਦੇ-ਪੁੱਜਦੇ ਵਿਅਕਤੀ ਜੀਵਨ 'ਚ ਵਿਚਰਦਿਆਂ ਪੈਸੇ ਦੀ ਅੰਨ੍ਹੀ ਦੁਰਵਰਤੋਂ ਕਰਦੇ ਹਨ। ਸੰਜਮ ਤੇ ਸਾਦਗੀ ਦੇ ਰਾਹ ਤੁਰ ਕੇ ਅਜਿਹੇ ਸਾਧਨਹੀਣ ਲੋਕਾਂ ਵੱਲ ਵੀ ਇਕ ਨਜ਼ਰ ਮਾਰ ਲੈਣੀ ਜੀਵਨ ਦੀ ਸਾਰਥਿਕਤਾ ਵੱਲ ਇਕ ਕਦਮ ਹੋਵੇਗਾ। ਮਨ ਦੀ ਜਿਹੜੀ ਖ਼ੁਸ਼ੀ ਇਸ ਤਰ੍ਹਾਂ ਪ੍ਰਾਪਤ ਹੁੰਦੀ ਹੈ, ਉਸ ਦਾ ਕੋਈ ਬਦਲ ਨਹੀਂ ਹੈ।

**- ਗੁਰਬਿੰਦਰ ਸਿੰਘ ਮਾਣਕ**






# ਸਿਕਰੀ ਤੋਂ ਕਿਵੇਂ ਪਾਈਏ ਛੁਟਕਾਰਾ

ਸਰਦੀਆਂ ਵਿਚ ਵਾਲਾਂ ਵਿਚ ਸਿੱਕਰੀ ਦੀ ਸਮੱਸਿਆ ਬਹੁਤ ਸਾਰੇ ਲੋਕਾਂ ਲਈ ਪ੍ਰੇਸ਼ਾਨੀ ਦਾ ਕਾਰਨ ਬਣਦੀ ਹੈ। ਸਰਦੀਆਂ ਵਿਚ ਮੌਸਮ 'ਚ ਖੁਸ਼ਕੀ ਕਰ ਕੇ ਇਹ ਸਮੱਸਿਆ ਹੋਰ ਵੀ ਵਧ ਜਾਂਦੀ ਹੈ। ਸਿੱਕਰੀ ਕਰ ਕੇ ਵਾਲ ਕਮਜ਼ੋਰ ਹੋ ਜਾਂਦੇ ਹਨ ਅਤੇ ਝੜਨ ਲਗਦੇ ਹਨ ਪਰ ਕਈ ਵਾਰ ਇਹ ਵਾਲਾਂ ਨੂੰ ਖ਼ਰਾਬ ਕਰ ਦਿੰਦੇ ਹਨ। ਤੁਸੀਂ ਸਿੱਕਰੀ ਤੋਂ ਬਚਾਅ ਲਈ ਆਯੁਰਵੈਦਿਕ ਤਰੀਕੇ ਅਪਣਾ ਸਕਦੇ ਹੋ। ਆਉ ਜਾਣਦੇ ਹਾਂ ਸਿੱਕਰੀ ਤੋਂ ਛੁਟਕਾਰਾ ਪਾਉਣ ਦੇ ਨੁਸਖ਼ਿਆਂ ਬਾਰੇ:

ਤੁਸੀਂ ਆਯੁਰਵੈਦਿਕ ਤਰੀਕੇ ਅਪਣਾ ਕੇ ਸਿੱਕਰੀ ਦੀ ਸਮੱਸਿਆ ਨੂੰ ਜੜ੍ਹ ਤੋਂ ਖ਼ਤਮ ਕੀਤਾ ਜਾ ਸਕਦਾ ਹੈ। ਇਸ ਲਈ ਤੁਸੀਂ ਕਿਸੇ ਬਰਤਨ ਵਿਚ ਥੋੜ੍ਹਾ ਜਿਹਾ ਮੱਖਣ ਲਉ ਅਤੇ ਇਸ ਵਿਚ ਥੋੜ੍ਹਾ ਜਿਹਾ ਸਰ੍ਹੋਂ ਦਾ ਤੇਲ ਪਾਓ (ਜੇਕਰ ਘਰ ਦੇ ਬਣਾਏ ਸਰ੍ਹੋਂ ਦੇ ਤੇਲ ਦੇ ਹੇਠਾਂ ਬਚੀ ਤੇਲ ਤੇ ਖਲ ਦੀ ਗਾਰ ਹੋਵੇ, ਤਾਂ ਹੋਰ ਵੀ ਵਧੇਰੇ ਚੰਗਾ ਹੈ) ਅਤੇ ਇਸ ਨੂੰ ਭਿੱਜਣ ਲਈ ਰੱਖ ਦਿਓ।

ਹੁਣ ਇਸ ਵਿਚ ਮੂਲੀ ਦੇ ਪੱਤਿਆਂ ਦਾ ਰਸ ਤੇ ਥੋੜ੍ਹੇ ਜਿਹੇ ਮੇਥੀ ਦੇ ਦਾਣੇ ਮਿਲਾਉ। ਜੇਕਰ ਘਰ ਵਿਚ ਹੈ ਤਾਂ ਇਸ ਵਿਚ ਥੋੜ੍ਹਾ ਜਿਹਾ ਭਰਿੰਗਰਾਸ ਵੀ ਪੀਸ ਕੇ ਮਿਲਾਉ। ਰਾਤ ਨੂੰ ਸੌਣ ਤੋਂ ਪਹਿਲਾਂ ਇਸ ਮਿਸ਼ਰਨ ਨੂੰ ਚੰਗੀ ਤਰ੍ਹਾਂ ਮਿਲਾ ਕੇ ਰੱਖ ਦਿਉ। ਸਵੇਰ ਵੇਲੇ ਇਸ ਨੂੰ ਸਿਰ ਉੱਤੇ ਚੰਗੀ ਤਰ੍ਹਾਂ ਝੱਸੋ ਤੇ ਵਾਲ ਧੋ ਲਉ। ਇਸ ਨੂੰ ਇਕ ਤੋਂ ਦੋ ਮਹੀਨਿਆਂ ਲਈ ਹਫ਼ਤੇ ਵਿਚ 2 ਵਾਰ ਲਗਾਉ।

ਇਸ ਨਾਲ ਤੁਹਾਨੂੰ ਸਿਕਰੀ ਦੀ ਸਮੱਸਿਆ ਤੋਂ ਛੁਟਕਾਰਾ ਮਿਲ ਜਾਵੇਗਾ।

ਜੇਕਰ ਤੁਹਾਡੇ ਵਾਲ ਕਮਜ਼ੋਰ ਹਨ, ਤਾਂ ਤੁਸੀਂ ਇਨ੍ਹਾਂ ਨੂੰ ਮਜ਼ਬੂਤ ਕਰਨ ਲਈ ਨੀਲੀ ਭਰਿੰਗੜੀ ਦਾ ਤੇਲ ਵਰਤ ਸਕਦੇ ਹੋ। ਵਾਲਾਂ ਨੂੰ ਮਜ਼ਬੂਤ ਕਰਨ ਲਈ ਤੁਸੀਂ ਨੱਕ ਵਿਚ ਅਣੂ ਦਾ ਤੇਲ ਵੀ ਪਾ ਸਕਦੇ ਹੋ।

# ਚਮਕਦਾਰ ਰੌਸ਼ਨੀ ਵਿਚ ਦਿਲ ਦੇ ਦੌਰੇ ਦਾ ਖ਼ਤਰਾ 56 ਫ਼ੀਸਦ ਵਧਦੈ

ਇਕ ਨਵੇਂ ਅਧਿਐਨ ਮੁਤਾਬਕ ਰਾਤ ਨੂੰ ਤੇਜ਼ ਰੌਸ਼ਨੀ ਦੇ ਸੰਪਰਕ 'ਚ ਰਹਿਣ, ਜਿਸ ਵਿਚ ਫੋਨ ਨੂੰ ਵੇਖਦੇ ਰਹਿਣਾ ਵੀ ਸ਼ਾਮਲ ਹੈ, ਨਾਲ ਦਿਲ ਦੇ ਦੌਰੇ ਦਾ ਖ਼ਤਰਾ 56 ਫੀਸਦ ਵੱਧ ਹੋ ਸਕਦਾ ਹੈ। ਅਧਿਐਨ ਅਨੁਸਾਰ 40 ਸਾਲ ਜਾਂ ਉਸ ਤੋਂ ਵੱਧ ਉਮਰ ਦੇ ਬਾਲਗਾਂ 'ਚ ਇਹ ਦਿਲ ਦੀਆਂ ਬਿਮਾਰੀਆਂ ਦਾ ਇਕ ਮਹੱਤਵਪੂਰਨ ਖਤਰਾ ਹੋ ਸਕਦਾ ਹੈ। ਆਸਟਰੇਲੀਆ ਦੀ ਫਲਿੰਡਰਜ਼ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੇ ਯੂ.ਕੇ. ਕੇ ਲਗਭਗ 89,000 ਲੋਕਾਂ ਵਲੋਂ ਉਨ੍ਹਾਂ ਦੇ ਗੁੱਟ ਉਤੇ ਪਹਿਨੇ ਸੈਂਸਰਾਂ ਰਾਹੀਂ ਇਕੱਤਰ ਕੀਤੇ ਗਏ 130 ਲੱਖ ਘੰਟਿਆਂ ਤੋਂ ਵੱਧ ਰੌਸ਼ਨੀ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ।



ਭਾਗੀਦਾਰਾਂ ਉਤੇ ਨੌਂ ਸਾਲਾਂ ਤੋਂ ਵੱਧ ਸਮੇਂ ਲਈ ਨਜ਼ਰ ਰੱਖੀ ਗਈ। ਰਾਤ ਨੂੰ ਰੌਸ਼ਨੀ ਦੇ ਸੰਪਰਕ ਨਾਲ ਦਿਲ ਦਾ ਦੌਰਾ ਪੈਣ ਦਾ ਖ਼ਤਰਾ 47 ਫੀਸਦੀ ਵੱਧ, ਕੋਰੋਨਰੀ ਆਰਟਰੀ ਬਿਮਾਰੀ ਦਾ 32 ਫ਼ੀਸਦ ਵੱਧ ਅਤੇ ਦੌਰੇ ਦਾ 28 ਫ਼ੀਸਦੀ ਖਤਰਾ ਵੱਧ ਹੁੰਦਾ ਹੈ। 'ਜਰਨਲ ਆਫ ਦਿ ਅਮੈਰੀਕਨ ਮੈਡੀਕਲ ਐਸੋਸੀਏਸ਼ਨ (ਜੇ.ਏ.ਐਮ.ਏ.) ਨੈਟਵਰਕ ਓਪਨ' ਵਿਚ ਪ੍ਰਕਾਸ਼ਤ ਅਧਿਐਨ ਵਿਚ ਲੇਖਕਾਂ ਨੇ ਲਿਖਿਆ, ''40 ਸਾਲ ਤੋਂ ਵੱਧ ਉਮਰ ਦੇ ਬਾਲਗਾਂ ਵਿਚ ਦਿਲ ਦੀਆਂ ਬਿਮਾਰੀਆਂ ਦੇ ਵਿਕਾਸ ਲਈ ਰਾਤ ਦੀ ਰੌਸ਼ਨੀ ਦਾ ਸਾਹਮਣਾ ਇਕ ਮਹੱਤਵਪੂਰਣ ਜੋਖਮ ਕਾਰਕ ਸੀ।''

ਵਿੰਡਰੇਡ ਨੇ ਕਿਹਾ, ''ਰਾਤ ਸਮੇਂ ਖ਼ੁਦ ਨੂੰ ਵਾਰ-ਵਾਰ ਚਮਕਦਾਰ ਰੌਸ਼ਨੀ ਦੇ ਸੰਪਰਕ ਵਿਚ ਆਉਣਾ ਆਪਣੇ ਸਰੀਰ ਦੀ ਅੰਦਰੂਨੀ ਘੜੀ ਵਿਚ ਵਿਘਨ ਪਾਉਣਾ ਹੁੰਦਾ ਹੈ। ਇਸ ਨਾਲ ਤੁਹਾਨੂੰ ਖਤਰਨਾਕ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵੱਧ ਜਾਵੇਗਾ।'' ਅਧਿਐਨ ਵਿਚ ਇਹ ਵੀ ਪਾਇਆ ਗਿਆ ਕਿ ਔਰਤਾਂ ਅਤੇ ਨੌਜੁਆਨ ਖਾਸ ਤੌਰ ਉਤੇ ਰਾਤ ਨੂੰ ਬਹੁਤ ਤੇਜ਼ ਰੌਸ਼ਨੀ ਦਾ ਬੁਰਾ ਅਸਰ ਪੈਂਦਾ ਹੈ।

ਖੋਜਕਰਤਾਵਾਂ ਨੇ ਸੁਝਾਅ ਦਿਤਾ ਕਿ ਰਾਤ ਨੂੰ ਰੌਸ਼ਨੀ ਤੋਂ ਪਰਹੇਜ਼ ਕਰਨਾ ਦਿਲ ਦੀਆਂ ਬਿਮਾਰੀਆਂ ਦੇ ਜੋਖਮਾਂ ਨੂੰ ਘਟਾਉਣ ਲਈ ਇਕ ਲਾਭਦਾਇਕ ਰਣਨੀਤੀ ਹੋ ਸਕਦੀ ਹੈ।

A CREATIVE DESIGN & PRINT SOURCE
ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ
ਵਿਆਹ-ਸ਼ਾਦੀਆਂ ਦੇ ਕਾਰਡ
DESIGN 360
GRAPHICS & PROMOTIONS INC.
.... create a new
GRAPHIC DESIGNING
PRODUCT PHOTOGRAPHY
OFFSET / DIGITAL PRINTING
SIGNAGES DISPLAYS
CONTACT: AMANDEEP SINGH
604 590 0066 / 604 317 8750
#1 13415 76 AVE. SURREY

# ਚੁੰਨੀ ਰੰਗ ਦੇ ਲਲਾਰੀਆ ਮੇਰੀ



ਦੁਪੱਟਾ ਭਾਰਤੀ ਵਸਤਰ ਸਲਵਾਰ ਕਮੀਜ਼ ਦਾ ਅਨਿੱਖੜਵਾਂ ਅੰਗ ਹੈ। ਸਲਵਾਰ ਕਮੀਜ਼ ਦੇ ਤੀਜੇ ਬਸਤਰ ਨੂੰ ਦੁਪੱਟਾ ਕਿਹਾ ਜਾਂਦਾ ਹੈ। ਦੁਪੱਟੇ ਦਾ ਪ੍ਰਯੋਗ ਪ੍ਰਾਚੀਨ ਕਾਲ ਤੋਂ ਸਲਵਾਰ, ਕਮੀਜ਼, ਸਾੜ੍ਹੀ, ਘੱਗਰੇ ਨਾਲ ਕੀਤਾ ਜਾਂਦਾ ਰਿਹਾ ਹੈ। ਪੇਂਡੂ ਔਰਤਾਂ ਦੁਪੱਟੇ ਦਾ ਜ਼ਿਆਦਾਤਰ ਇਸਤੇਮਾਲ ਇਸ ਤਰ੍ਹਾਂ ਕਰਦੀਆਂ ਹਨ ਤਾਂ ਜੋ ਉਨ੍ਹਾਂ ਦਾ ਆਪਣਾ ਸਿਰ ਤੇ ਜ਼ਿਆਦਾਤਰ ਭਾਗ ਦੁਪੱਟੇ ਨਾਲ ਢਕਿਆ ਰਹੇ। ਦੁਪੱਟਾ ਦੋ ਪੱਟਾ ਨੂੰ ਜੋੜ ਕੇ ਬਣਾਇਆ ਹੋਇਆ ਤਿੰਨ ਗਜ ਲੰਬਾ ਤੇ ਡੇਢ ਗਜ ਚੌੜਾ ਜਾਂ ਫੁਲਕਾਰੀ ਉਤੇ ਬਾਰੀਕ ਮਲਮਲ ਦਾ ਦੁਪੱਟਾ ਜੋੜਿਆ ਹੁੰਦਾ ਹੈ।

ਪੰਜਾਬੀ ਲੋਕ ਧਾਰਾ ਵਿਚ :

**ਬੁਕਲ ਮਾਰੋਂ ਖੇਸ ਦੀ,**
**ਵਹੁਟੀ ਆਈ ਲਾੜੇ ਦੇ ਮੇਚ ਦੀ।**
**ਚੁੰਨੀ ਰੰਗ ਦੇ ਲਲਾਰੀਆਂ ਮੇਰੀ**
**ਅਲਸੀ ਦੇ ਫੁੱਲ ਵਰਗੀ।**

ਦੁਪੱਟੇ ਤੇ ਫ਼ਿਲਮਾਇਆ ਗਾਣਾ ਦੁਪੱਟਾ ਤੇਰਾ ਸੱਤ ਰੰਗ ਦਾ ਬਿੰਦਰਖੀਆ ਦਾ ਗਾਣਾ ਕਾਫ਼ੀ ਮਕਬੂਲ ਹੋਇਆ ਹੈ। ਫ਼ਿਲਮਾਂ ਵਿਚ ਵੀ ਦੁਪੱਟੇ 'ਤੇ ਕਈ ਗੀਤ ਫ਼ਿਲਮਾਏ ਗਏ ਹਨ। ਹਵਾ ਮੇਂ ਉੜਤਾ ਜਾਏ ਨੀ ਮੇਰਾ ਲਾਲ ਦੁਪੱਟਾ ਮਖਮਲ ਦਾ, ਨੀ ਮੇਰਾ ਲਾਲ ਦੁਪੱਟਾ ਮਖਮਲ ਦਾ।'

ਜਦੋਂ ਅਸੀਂ ਛੋਟੇ ਹੁੰਦੇ ਸੀ ਤਾਂ ਪਿੰਡ ਦੀਆਂ ਨੂੰਹਾਂ ਜਿਹੜਾ ਵੀ ਪਿੰਡ ਦਾ ਸਿਆਣਾ ਬੰਦਾ ਹੁੰਦਾ ਸੀ ਉਸ ਨੂੰ ਸਾਹਮਣੇ ਦੇਖ ਕੇ ਸਤਿਕਾਰ ਵਜੋਂ, ਦੁਪੱਟੇ ਜਾਂ ਚੁੰਨੀ ਨਾਲ ਘੁੰਡ ਕਢਦੀਆਂ ਸਨ। ਘਰ ਵਿਚ ਸਹੁਰੇ ਤੇ ਜੇਠ ਦਾ ਆਦਰ ਕਰਨ ਲਈ ਘੁੰਢ ਕਢਦੀਆਂ ਸਨ।

ਅਣ-ਵਿਆਹੀਆਂ ਕੁੜੀਆਂ ਵੀ ਸਿਰ 'ਤੇ ਚੁੰਨੀ ਰਖਦੀਆਂ ਸਨ। ਬਜ਼ੁਰਗਾਂ ਦਾ ਵਜਕਾ ਹੁੰਦਾ ਸੀ, ਜਦੋਂ ਕਿਸੇ ਲੜਕੀ ਨੂੰ ਕੋਈ ਮੁਸ਼ਟੰਡਾ ਛੇੜਦਾ ਵੀ ਸੀ ਤਾਂ ਉਹ ਬਜ਼ੁਰਗ ਕੋਲ ਚਲੀ ਜਾਂਦੀ ਸੀ। ਮੁੰਡੇ ਦੀ ਜੁਅੱਰਤ ਨਹੀਂ ਸੀ ਹੁੰਦੀ ਕੁੜੀ ਨੂੰ ਹੱਥ ਲਾਉਣ ਦੀ। ਇਹ ਹੀ ਵਜ੍ਹਾ ਸੀ ਪਿੰਡ ਦੇ ਲੋਕ ਪਿੰਡ ਦੀ ਧੀ-ਭੈਣ ਨੂੰ ਆਪਣੀ ਧੀ-ਭੈਣ ਸਮਝਦੇ ਸੀ। ਕਿੰਨੇ-ਕਿੰਨੇ ਦਿਨ ਬਰਾਤਾਂ ਠਹਿਰਣੀਆਂ, ਪਿੰਡ ਦੇ ਲੋਕ ਆਪਣੀ ਧੀ ਭੈਣ ਦਾ ਵਿਆਹ ਸਮਝ ਸ਼ਰੀਕ ਹੁੰਦੇ। ਦੁੱਧ, ਮੰਜੇ, ਬਿਸਤਰੇ ਇਕੱਠੇ ਕਰਕੇ ਭੇਜਦੇ ਸੀ।

**ਇਕ ਵਾਰੀ ਲੈ ਕੇ ਛੁੱਟੀਆਂ**
**ਜਦੋਂ ਪਿਛਲੇ ਵਰ੍ਹੇ ਤੂੰ ਆਇਆ,**
**ਹੱਥ ਉਤੇ ਲਾ ਕੇ ਮਹਿੰਦੀਆਂ ਵੇ ਮੈਂ**
**ਸੰਗਲੀ ਦੁਪੱਟਾ ਰੰਗਵਾਇਆ।**
**ਅੱਧਾ-ਅੱਧਾ ਘੁੰਢ ਕੱਢ ਕੇ,**
**ਸਹੁਰੇ ਸਾਹਮਣੇ ਨਾਂ ਖੁਲ੍ਹ ਕੇ ਬਲਾਵਾਂ,**
**ਕੌਣ ਆਖੂ ਹੌਲਦਾਰਨੀ,**
**ਕਿਤੇ ਆਵੀਂ ਨਾ ਤੁੜਾ ਕੇ ਨਾਵਾਂ।**
**ਸ਼ੌਂਕੀਆਂ ਦੁਪੱਟਾ ਨੀ ਮੈਂ ਸ਼ੌਂਕ ਨਾਲ ਰੰਗਿਆ,**
**ਹਾਸੀਆਂ ਨੂੰ ਰੋਕ-ਰੋਕ ਮਾਹੀਂ ਕੋਲੋਂ ਲੰਘਿਆ।**
**ਨੀ ਮੈਨੂੰ ਮਾਹੀ ਵਾਲੇ ਰੰਗ ਵਿਚ ਰਚ ਰਹਿਣ ਦੇ,**
**ਨੀ ਮੈਨੂੰ ਦਿਉਰ ਦੇ ਵਿਆਹ ਦੇ ਵਿਚ ਨੱਚ ਲੈਣ ਦੇ।**

ਹੁਣ ਨਾ ਕੁਆਰੀ ਕੁੜੀ ਤੇ ਨਾ ਹੀ ਨੂੰਹ ਵਿਚ ਫ਼ਰਕ ਨਜ਼ਰ ਆਉਂਦਾ ਹੈ। ਪੱਛਮੀ ਰੰਗਤ ਵਿਚ ਰੰਗ ਕੇ, ਨਾ ਦੁਪੱਟਾ ਰਿਹਾ, ਨਾ ਚੁੰਨੀ ਤੇ ਨਾ ਹੀ ਘੁੰਢ।

**- ਗੁਰਮੀਤ ਸਿੰਘ**

# ਪਨੀਰ ਮਸਾਲਾ ਡੋਸਾ



ਸਮੱਗਰੀ : 1 ਕੱਪ ਕੱਚਾ ਚਾਵਲ, 1 ਕੱਪ ਉਬਲਿਆ ਹੋਇਆ ਚਾਵਲ, 1 ਕੱਪ ਕਸਿਆ ਹੋਇਆ ਪਨੀਰ, 2 ਕਟੀ ਹੋਈ ਹਰੀ ਮਿਰਚ, 1 ਟੀ ਸਪੂਨ ਕਟਿਆ ਹੋਇਆ ਹਰਾ ਧਨੀਆ, ਰੋਸਟ ਕਰਨ ਲਈ ਤੇਲ, ਸਵਾਦ ਅਨੁਸਾਰ ਲੂਣ।

ਬਣਾਉਣ ਦਾ ਢੰਗ : ਕੱਚੇ ਚਾਵਲ ਅਤੇ ਉਬਲੇ ਹੋਏ ਚਾਵਲ ਨੂੰ ਇਕੱਠੇ ਦੋ ਘੰਟੇ ਲਈ ਭਿਉਂ ਦਿਉ। ਫਿਰ ਦੋਹਾਂ ਨੂੰ ਪੀਸ ਕੇ ਬਰੀਕ ਪੇਸਟ ਬਣਾ ਲਵੋ। ਜ਼ਰੂਰਤ ਪਵੇ ਤਾਂ ਪੀਸਦੇ ਸਮੇਂ ਥੋੜ੍ਹਾ ਜਿਹਾ ਲੂਣ ਮਿਲਾ ਲਉ। ਹੁਣ ਪਨੀਰ, ਹਰੀ ਮਿਰਚ, ਕਟੇ ਹੋਏ ਧਨੀਏ ਨੂੰ ਚਾਵਲ ਪੇਸਟ ਵਿਚ ਚੰਗੀ ਤਰ੍ਹਾਂ ਮਿਲਾ ਦਿਓ।

ਹੁਣ ਡੋਸਾ ਫ਼ਰਾਈਪੈਨ ਨੂੰ ਗਰਮ ਕਰੋ ਅਤੇ ਇਕ ਵੱਡਾ ਚਮਚ ਭਰ ਕੇ ਡੋਸਾ ਪੇਸਟ ਨੂੰ ਤਵੇ 'ਤੇ ਡੋਲ੍ਹੋ ਅਤੇ ਗੋਲਾਈ ਵਿਚ ਘੁਮਾਉਂਦੇ ਹੋਏ ਫੈਲਾ ਦਿਉ। ਹਲਕਾ ਮੋਟਾ ਹੀ ਰੱਖੋ, ਹੁਣ ਡੋਸੇ ਦੇ ਚਾਰੇ ਪਾਸੇ ਥੋੜ੍ਹਾ ਤੇਲ ਫੈਲਾਉ। ਘੱਟ ਸੇਕ 'ਤੇ ਉਸ ਨੂੰ ਪਕਣ ਦਿਉ। ਹੁਣ ਇਸ ਨੂੰ ਨਾਰੀਅਲ ਦੀ ਚਟਣੀ ਅਤੇ ਸਾਂਬਰ ਦੇ ਨਾਲ ਖਾਓ।


STAR AUTOBODY

ICBC c.a.r. shop VALET
Accredited Collision Repairs & Valet Service

ICBC Glass EXPRESS



SPECIALIZE
• All vehicles any make or model
• Commercial Trucks, any make or model

CERTIFIED
• ICBC CARSHOP Valet Express Shop with certified technicians and equipment
• ICBC Glass Express
• Private Insurance Companies

SERVICE
Open Monday-Saturday - 8 am to 6 pm
• Courtesy Cars
• Vehicle pick-up and drop-off

*We handle private insurance claims:*
family INSURANCE · intact INSURANCE · canadian direct insurance · economical INSURANCE · CNS · RSA

604-597-5151
*8277-124th St., Surrey, BC V3W 9G2*
*Ph: 604-597-5151 / Fax: 604-597-5195*
*www.startautobody.net*

# ਏਆਈ ਨੂੰ ਵੀ ਲੱਗੀ ਬਿਮਾਰੀ!




ਵਰਤਮਾਨ ਸਮੇਂ ਹਰ ਤਕਨੀਕ ਵਿਚ ਆਰਟੀਫਿਸ਼ਲ ਇੰਟੈਲੀਜੈਂਸੀ ਯਾਨੀ ਏਆਈ ਦੀ ਵਰਤੋਂ ਹੋ ਰਹੀ ਐ...ਜੋ ਚੁਟਕੀਆਂ ਵਿਚ ਸਾਡੇ ਕੰਮਾਂ ਨੂੰ ਆਸਾਨ ਬਣਾ ਰਹੀ ਐ, ਪਰ ਕੀ ਤੁਸੀਂ ਸੋਚ ਸਕਦੇ ਹੋ ਕਿ ਏਆਈ ਵੀ ਕਿਸੇ ਬਿਮਾਰੀ ਦਾ ਸ਼ਿਕਾਰ ਹੋ ਸਕਦੀ ਐ? ਇਕ ਤਾਜ਼ਾ ਖੋਜ ਵਿਚ ਇਸ ਦਾ ਖੁਲਾਸਾ ਹੋਇਆ ਏ।

ਪਿਛਲੇ ਕੁੱਝ ਸਮੇਂ ਤੋਂ ਸੋਸ਼ਲ ਮੀਡੀਆ 'ਤੇ 'ਬ੍ਰੇਨ ਰਾਟ' ਸ਼ਬਦ ਕਾਫ਼ੀ ਤੇਜ਼ੀ ਨਾਲ ਟਰੈਂਡ ਕਰ ਰਿਹੈ,, ਇਹ ਉਹ ਮਾਨਸਿਕ ਸਥਿਤੀ ਨੂੰ ਦਰਸਾਉਂਦੈ,, ਜਦੋਂ ਵਿਅਕਤੀ ਲਗਾਤਾਰ ਘਟੀਆ ਅਤੇ ਘੱਟ ਗੁਣਵੱਤਾ ਵਾਲੇ ਆਨਲਾਈਨ ਕੰਟੈਂਟ ਦੀ ਵਰਤੋਂ ਕਰਦੈ, ਜਿਸ ਨਾਲ ਉਸ ਦੀ ਇਕਾਗਰਤਾ ਅਤੇ ਸੋਚਣ ਦੀ ਸਮਰੱਥਾ 'ਤੇ ਅਸਰ ਪੈਂਦਾ ਏ। ਹਾਲੇ ਤੱਕ ਇਸ ਨੂੰ ਇਨਸਾਨਾਂ ਦੀ ਸਮੱਸਿਆ ਮੰਨਿਆ ਜਾਂਦਾ ਸੀ ਪਰ ਕਾਰਨੇਲ ਯੂਨੀਵਰਸਿਟੀ ਦੀ ਇਕ ਨਵੀਂ ਖੋਜ ਵਿਚ ਪਤਾ ਚੱਲਿਆ ਏ ਕਿ ਹੁਣ ਆਰਟੀਫਿਸ਼ਲ ਇੰਟੈਲੀਜੈਂਸ ਯਾਨੀ ਏਆਈ ਵੀ ਇਸ ਆਧੁਨਿਕ ਡਿਜ਼ੀਟਲ ਬਿਮਾਰੀ ਦੀ ਸ਼ਿਕਾਰ ਹੋ ਚੁੱਕੀ ਐ।

ਖੋਜੀ ਟੀਮ ਨੇ ਆਪਣੇ ਅਧਿਐਨ ਵਿਚ ਐਲਐਲਐਮ ਬ੍ਰੇਨ ਰਾਟ ਹੈਪੋਥੇਸਿਸ 'ਤੇ ਕੰਮ ਕੀਤਾ, ਜਿਸ ਦੇ ਤਹਿਤ ਉਨ੍ਹਾਂ ਨੇ ਜਾਂਚਿਆ ਕਿ ਜਦੋਂ ਕਿਸੇ ਲੈਂਗੁਏਜ਼ ਮਾਡਲ ਨੂੰ ਵਾਰ-ਵਾਰ ਭ੍ਰਮਿਤ ਕਰਨ ਵਾਲੇ, ਸਨਸਨੀਖੇਜ਼ ਜਾਂ ਘਟੀਆ ਆਨਲਾਈਨ ਡਾਟਾ 'ਤੇ ਟਰੇਨ ਕੀਤਾ ਜਾਂਦੈ ਤਾਂ ਉਸ ਦੀ ਤਰਕ ਕਰਨ ਅਤੇ ਸਮਝਾਉਣ ਦੀ ਸਮਰੱਥਾ ਹੌਲੀ-ਹੌਲੀ ਘੱਟ ਹੋਣ ਲੱਗ ਜਾਂਦੀ ਐ। ਇਸ ਅਧਿਐਨ ਦੌਰਾਨ ਵਿਗਿਆਨੀਆਂ ਨੇ ਇਕ ਏਆਈ ਮਾਡਲ ਨੂੰ ਐਕਸ ਦੇ ਘਟੀਆ ਜਾਂ 'ਜੰਕ' ਡਾਟਾ 'ਤੇ ਟਰੇਨ ਕੀਤਾ, ਜਿਨ੍ਹਾਂ ਵਿਚ 'ਟੂਡੇ ਓਨਲੀ', ਵਾਓ ਵਰਗੇ ਵਾਇਰਲ, ਕਲਿੱਕਬੇਟ ਅਤੇ ਕੁੱਝ ਹੋਰ ਸ਼ਬਦਾਂ ਦੀ ਵਰਤੋਂ ਕੀਤੀ ਸੀ। ਇਸ ਤੋਂ ਬਾਅਦ ਮਾਡਲ ਦੀ ਪ੍ਰਫਾਰਮੈਂਸ ਨੂੰ ਰੀਜ਼ਨਿੰਗ ਅਤੇ ਅੰਡਰਸਟੈਂਡਿੰਗ ਟੈਸਟ ਵਰਗੇ ਬੈਂਚਮਾਰਕਸ 'ਤੇ ਪਰਖਿਆ ਗਿਆ, ਜਿਸ ਦੇ ਨਤੀਜੇ ਹੈਰਾਨ ਕਰਨ ਵਾਲੇ ਸੀ। ਏਆਈ ਮਾਡਲ ਦਾ ਰੀਜ਼ਨਿੰਗ ਸਕੋਰ 74.9 ਤੋਂ ਘਟ ਕੇ 57.2 'ਤੇ ਪਹੁੰਚ ਗਿਆ, ਜਦਕਿ ਲੌਂਗ ਕੌਂਟੈਕਸਟ ਸਮਝਾਉਣ ਦੀ ਸਮਰੱਥਾ 84.4 ਤੋਂ ਘਟ ਕੇ 52.3 ਹੀ ਰਹਿ ਗਈ।

ਸਟੱਡੀ ਵਿਚ ਸਾਹਮਣੇ ਆਇਆ ਕਿ ਇਸ ਤਰ੍ਹਾਂ ਦੇ ਘੱਟ ਗੁਣਵੱਤਾ ਵਾਲੇ ਡਾਟਾ ਨਾਲ ਏਆਈ ਨਾ ਸਿਰਫ਼ ਕਮਜ਼ੋਰ ਬਲਕਿ 'ਥਾਟ ਸਕੀਪਿੰਗ' ਵਰਗੀ ਪ੍ਰਵਿਰਤੀ ਵਿਕਸਤ ਕਰਨ ਲੱਗੀ,, ਯਾਨੀ ਬਿਨਾਂ ਪੂਰਾ ਵਿਸ਼ਲੇਸ਼ਣ ਕੀਤੇ ਜਲਦਬਾਜ਼ੀ ਵਿਚ ਗ਼ਲਤ ਜਾਂ ਅਧੂਰੀ ਜਾਣਕਾਰੀ ਦੇਣ ਲੱਗੀ। ਹੈਰਾਨੀ ਦੀ ਗੱਲ ਇਹ ਵੀ ਦੇਖੀ ਗਈ ਕਿ ਏਆਈ ਦੇ ਅੰਦਰ ਹੰਕਾਰ ਅਤੇ ਸਾਈਕੋਪੈਥਿਕ ਵਰਗੇ ਨਕਰਾਤਮਕ ਗੁਣ ਵਧਣ ਲੱਗੇ, ਜਦਕਿ ਮਦਦ ਕਰਨ ਵਾਲਾ ਅਤੇ ਜ਼ਿੰਮੇਵਾਰੀ ਵਾਲਾ ਸੁਭਾਅ ਘੱਟ ਹੋ ਗਿਆ। ਸਭ ਤੋਂ ਗੰਭੀਰ ਸਿੱਟਾ ਇਹ ਰਿਹਾ ਕਿ ਜਦੋਂ ਬਾਅਦ ਵਿਚ ਮਾਡਲ ਨੂੰ ਚੰਗੀ ਕੁਆਲਟੀ ਵਾਲੇ ਡਾਟਾ ਰਾਹੀਂ ਫਿਰ ਤੋਂ ਟਰੇਂਡ ਕੀਤਾ ਗਿਆ, ਉਦੋਂ ਵੀ ਪਹਿਲਾਂ ਮਿਲੇ ਘਟੀਆ ਡਾਟਾ ਦਾ ਅਸਰ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ। ਇਸ ਤੋਂ ਇਹ ਪਤਾ ਚੱਲਿਆ ਕਿ ਡਿਜ਼ੀਟਲ ਜੰਕ ਦਾ ਪ੍ਰਭਾਵ ਸਥਾਈ ਹੋ ਸਕਦਾ ਏ।

ਇਸ ਖੋਜ ਨੂੰ ਸਿਰਫ਼ ਤਕਨੀਕੀ ਚਿਤਾਵਨੀ ਨਹੀਂ ਬਲਕਿ ਡਿਜ਼ੀਟਲ ਯੁੱਗ ਲਈ ਇਕ ਡੂੰਘੀ ਸਮਾਜਿਕ ਸਿੱਖਿਆ ਹੈ। ਜਿਸ ਤਰ੍ਹਾਂ ਇਨਸਾਨ ਲਗਾਤਾਰ ਵਾਇਰਲਲ ਕੰਟੈਂਟ ਦੇ ਬੋਝ ਹੇਠਾਂ ਆਪਣੀ ਮਾਨਸਿਕ ਸਮਰੱਥਾ ਖੋ ਰਹੇ ਨੇ...ਉਸੇ ਤਰ੍ਹਾਂ ਏਆਈ ਮਾਡਲ ਵੀ ਇੰਟਰਨੈੱਟ ਦੇ ਖ਼ਰਾਬ ਡਾਟਾ ਕਰਕੇ ਬਿਮਾਰ ਹੋ ਰਹੇ ਨੇ। ਜੇਕਰ ਏਆਈ ਨੂੰ ਸਵੱਛ, ਤੱਥ ਅਧਾਰਿਤ ਅਤੇ ਸੰਤੁਲਿਤ ਡਾਟਾ ਨਾ ਮਿਲਿਆ ਤਾਂ ਭਵਿੱਖ ਵਿਚ ਇਹ ਤਕਨੀਕ ਓਨੀ ਭਰੋਸੇਯੋਗ ਨਹੀਂ ਰਹਿ ਸਕੇਗੀ, ਜਿੰਨੀ ਅੱਜ ਐ।

ਉਧਰ ਏਆਈ ਮਾਹਿਰਾਂ ਦਾ ਕਹਿਣਾ ਏ ਕਿ ਹੁਣ ਕੰਪਨੀਆਂ ਨੂੰ ਆਪਣੇ ਡਾਟਾ ਕੁਲੈਕਸ਼ਨ ਅਤੇ ਟਰੇਨਿੰਗ ਸਿਸਟਮ 'ਤੇ ਦੁਬਾਰਾ ਸੋਚਣਾ ਚਾਹੀਦੈ। ਸਿਰਫ਼ ਇੰਟਰਨੈਟ ਤੋਂ ਸਕ੍ਰੈਪਿੰਗ ਕਰਕੇ ਡਾਟਾ ਇਕੱਠਾ ਕਰਨਾ ਹੁਣ ਕਾਫ਼ੀ ਨਹੀਂ। ਏਆਈ ਨੂੰ ਡਿਜ਼ੀਟਲ ਬ੍ਰੇਨ ਰਾਟ ਤੋਂ ਬਚਾਉਣ ਲਈ ਕੁਆਲਟੀ ਕੰਟਰੋਲ, ਡਾਟਾ ਫਿਲਟਰਿੰਗ ਅਤੇ ਵੈਲੀਡੇਸ਼ਨ ਸਿਸਟਮ ਦੀ ਸਖ਼ਤ ਲੋੜ ਐ।

# ਕੈਨੇਡਾ 'ਚ 2 ਭਾਰਤੀ ਪਰਵਾਰਾਂ 'ਤੇ 35 ਥਾਵਾਂ' ਤੇ ਚੱਲੀਆਂ ਗੋਲੀਆਂ

## ਜਬਰੀ ਵਸੂਲੀ ਦੀਆਂ 65 ਵਾਰਦਾਤਾਂ ਹੋਈਆਂ

**ਸਰੀ** : ਕੈਨੇਡਾ ਵਿਚ ਜਬਰੀ ਵਸੂਲੀ ਦੇ ਮਕਸਦ ਨਾਲ ਭਾਰਤੀ ਪਰਿਵਾਰਾਂ ਦੇ ਘਰਾਂ ਉਤੇ ਗੋਲੀਆਂ ਚਲਾਉਣ ਦਾ ਸਿਲਸਿਲਾ ਹੋਰ ਅੱਗੇ ਵਧ ਗਿਆ ਜਦੋਂ ਸਰੀ ਅਤੇ ਡੈਲਟਾ ਵਿਖੇ ਤੜਕੇ ਦੋ ਘਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਸਰੀ ਪੁਲਿਸ ਨੇ ਦੱਸਿਆ ਕਿ 124ਵੀਂ ਸਟ੍ਰੀਟ ਦੇ 7800 ਬਲਾਕ ਵਿਚ ਸਵੇਰੇ ਪੌਣੇ ਤਿੰਨ ਵਜੇ ਗੋਲੀਆਂ।

ਗੋਲੀਬਾਰੀ ਵੇਲੇ ਘਰ ਅੰਦਰ ਭਾਰਤੀ ਪਰਵਾਰ ਦੇ ਮੈਂਬਰ ਮੌਜੂਦ ਸਨ ਪਰ ਉਨ੍ਹਾਂ ਨੂੰ ਕੋਈ ਨੁਕਸਾਨ ਨਹੀਂ ਪੁੱਜਾ। ਉਧਰ ਡੈਲਟਾ ਪੁਲਿਸ ਨੇ ਦੱਸਿਆ ਕਿ 78 ਬੀ ਐਵੇਨਿਊ ਦੇ 11200 ਬਲਾਕ ਵਿਚ ਇਕ ਘਰ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਇਹ ਜਗ੍ਹਾ ਸਰੀ ਵਾਲੀ ਵਾਰਦਾਤ ਤੋਂ ਮਸਾਂ 12 ਬਲਾਕ ਦੂਰ ਹੈ। ਮੌਕੇ 'ਤੇ ਪੁੱਜੇ ਡੈਲਟਾ ਪੁਲਿਸ ਦੇ ਅਫ਼ਸਰਾਂ ਮੁਤਾਬਕ ਘਰ ਦੇ ਬਾਹਰ ਗੋਲੀਆਂ ਦੇ ਕਈ ਨਿਸ਼ਾਨ ਨਜ਼ਰ ਆਏ। ਸਟਾਫ਼ ਸਾਰਜੈਂਟ ਮਾਈਕ ਵਾਈਟਲੀ ਨੇ ਦੱਸਿਆ ਕਿ ਸ਼ੱਕੀ ਚਿੱਟੇ ਰੰਗ ਦੀ ਐਸ.ਯੂ.ਵੀ. ਵਿਚ ਆਏ ਅਤੇ ਇਕ ਜਣੇ ਨੇ ਬਾਹਰ ਨਿਕਲ ਕੇ ਘਰ ਉਤੇ ਗੋਲੀਆਂ ਚਲਾ ਦਿਤੀਆਂ।

